ਜਨਵਰੀ 2003

# ਸ਼ਰਧਾਂਜਲੀ ਅੰਕ



ਸੰਤ ਬਾਬਾ ਸੁੱਚਾ ਸਿੰਘ ਜੀ

# ਅੰਮ੍ਰਿਤ ਕੀਰਤਨ

# Amrit Kirtan

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 1 ◆ ਸਾਲ ਪੰਦਰਵਾਂ ◆ ਜਨਵਰੀ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਕਰਉ ਬੇਨੰਤੀਆ — 2
*ਸੰਪਾਦਕੀ*

ਗੁਰਮਤਿ ਸੰਗੀਤ ਦੇ ਪ੍ਰਚਾਰਕ ਸੰਤ ਬਾਬਾ ਸੁੱਚਾ ਸਿੰਘ ਜੀ — 3
*ਪ੍ਰੋ. ਕਰਤਾਰ ਸਿੰਘ*

ਰਾਗ ਨਿਰਣਾਇਕ ਕਮੇਟੀ ਦੇ ਬਾਨੀ: ਸੰਤ ਬਾਬਾ ਸੁੱਚਾ ਸਿੰਘ ਜੀ — 4
*ਡਾ. ਗੁਰਨਾਮ ਸਿੰਘ*

ਸੰਤ ਬਾਬਾ ਸੁੱਚਾ ਸਿੰਘ - ਇਕ ਨਿੱਘੀ ਯਾਦ — 6
*ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ*

ਜਿਨ੍ਹਾਂ ਦਿੰਸਦਿਆਂ ਦੁਰਮਤਿ ਵੰਵੈ - ਮਿਤ੍ਰ ਅਸਾਡੜੇ ਸੇਈ — 7
*ਪ੍ਰਿੰਸੀਪਲ ਬਲਦੇਵ ਸਿੰਘ*

ਗੁਰਮਤਿ ਸੰਗੀਤ ਸੰਮੇਲਨ ਦਾ ਆਰੰਭ ਕਿਵੇਂ ਹੋਇਆ? — 8
*ਪ੍ਰੋ. ਪਰਮਜੋਤ ਸਿੰਘ*

ਜਵੱਦੀ ਟਕਸਾਲ ਇਕ ਪ੍ਰੀਚੈ — 10
*ਗੁਰਚਰਨ ਸਿੰਘ ਸੰਘਾ*

ਨਾਨਕ ਸੰਤ ਸਦਾ ਥਿਰੁ ਨਿਹਚਲੁ, ਜਿਨ ਰਾਮ ਨਾਮ ਅਧਾਰੁ — 12
*ਤੀਰਥ ਸਿੰਘ*

ਸੰਤ ਅਤੇ ਸੰਗੀਤ — 14
*ਪ੍ਰੋ. ਪਿਆਰਾ ਸਿੰਘ ਪਦਮ*

ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਵਾਲੇ — 16
*ਭਾਈ ਕਰਮ ਸਿੰਘ ਰਤਨ*

'ਪਰਉਪਕਾਰ ਨਿਤ ਚਿਤਵਦੇ' ਸੰਤ ਬਾਬਾ ਸੁੱਚਾ ਸਿੰਘ ਜੀ 'ਜਵੱਦੀ ਵਾਲੇ' — 18
*ਅਵਤਾਰ ਸਿੰਘ ਹੰਸ*

ਗੁਰਮਤਿ ਫਲਸਫੇ ਦੇ ਪਰਿਪੇਖ ਵਿਚ — 20
*ਗੁਰਵੇਲ ਸਿੰਘ*

ਗੁਰਮਤਿ ਸੰਗੀਤ ਦੀ ਅਹਿਮ ਕੜੀ-ਸੰਤ ਬਾਬਾ ਸੁੱਚਾ ਸਿੰਘ ਜੀ — 21
*ਸੁਖਦੇਵ ਸਿੰਘ 'ਨਡਾਲੋਂ'*

ਸ਼ਰਧਾਂਜਲੀ ਸੰਤ ਬਾਬਾ ਸੁੱਚਾ ਸਿੰਘ ਜੀ — 22
*ਭਾਈ ਗੁਰਮੀਤ ਸਿੰਘ ਸ਼ਾਂਤ*

ਸੇਵਕ ਦੀ ਓੜਕ ਨਿਬਹੀ ਪ੍ਰੀਤ — 24
*ਕੁਲਵਿੰਦਰ ਸਿੰਘ*

ਸੰਤ ਬਾਬਾ ਸੁੱਚਾ ਸਿੰਘ ਜੀ ਦੀ ਜਵੱਦੀ ਟਕਸਾਲ — 26
*ਕਮਲਜੀਤ ਕੌਰ*

ਗਿਆਰਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ — 27
*ਗੁਰਜੰਤ ਸਿੰਘ ਰਾਹੀ*



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

## ਅਦੁੱਤੀ ਸ਼ਖਸੀਅਤ ਸੰਤ ਬਾਬਾ ਸੁੱਚਾ ਸਿੰਘ ਜੀ

ਸੰਤ ਬਾਬਾ ਸੁੱਚਾ ਸਿੰਘ ਜੀ ਦਾ ਨਾਮ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਿਸੇ ਤੋਂ ਗੁੱਝਾ ਨਹੀਂ। ਉਨ੍ਹਾਂ ਦੁਆਰਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਜੋ ਲਹਿਰ ਚਲਾਈ ਗਈ ਉਹ ਸੱਚ ਮੁੱਚ ਹੀ ਅਦੁੱਤੀ ਸੀ ਅਤੇ ਇਸ ਸਦਕਾ ਸੰਤ ਜੀ ਦੀ ਸ਼ਖਸੀਅਤ ਵੀ ਅਦੁੱਤੀ ਹੋ ਗਈ।

ਅੱਜਕੱਲ੍ਹ ਦੇ ਬਹੁਤੇ ਸੰਤ ਨਾਮ ਤਾਂ ਗੁਰੂ ਸਾਹਿਬਾਨ ਜਾਂ ਗੁਰਮਤਿ ਦਾ ਵਰਤਦੇ ਹਨ ਪਰ ਉਭਾਰਦੇ ਉਹ ਆਪਣੀ ਸ਼ਖਸੀਅਤ ਨੂੰ ਹੀ ਹਨ। ਐਸੇ ਵਿਰਲੇ ਹਨ ਜਿਹੜੇ ਗੁਰਮਤਿ ਲਈ ਆਪਣੇ ਆਪ ਨੂੰ ਲੇਖੇ ਲਾ ਦਿੰਦੇ ਹਨ।

ਸੰਤ ਬਾਬਾ ਸੁੱਚਾ ਸਿੰਘ ਜੀ ਹਰ ਪੱਖੋਂ ਨਿਵੇਕਲੇ ਸੰਤ ਸਨ। ਉਨ੍ਹਾਂ ਨੇ ਸੇਵਾ ਲਈ ਗੁਰਮਤਿ ਸੰਗੀਤ ਦਾ ਖੇਤਰ ਚੁਣਿਆ। ਜਦੋਂ ਉਹ ਗੁਰਮਤਿ ਸੰਗੀਤ ਦੀ ਗੱਲ ਕਰਦੇ ਸਨ ਤਾਂ ਪਹਿਲਾਂ ਹੈਰਾਨੀ ਹੁੰਦੀ ਸੀ ਪਰ ਹੌਲੀ ਹੌਲੀ ਉਨ੍ਹਾਂ ਸੰਗੀਤ, ਨਾਦ ਆਦਿ ਖੇਤਰਾਂ ਵਿਚ ਲਿਖਣਾ ਸ਼ੁਰੂ ਕੀਤਾ ਤਾਂ ਵੱਡੇ ਵੱਡੇ ਵਿਦਵਾਨਾ ਵੀ ਉਨ੍ਹਾਂ ਦੀ ਪ੍ਰਸੰਸਾ ਕਰਨ ਲਗ ਪਏ।

ਗੁਰਮਤਿ ਸੰਗੀਤ ਸਬੰਧੀ ਸੰਮੇਲਨ ਕਰਵਾਉਣ ਤੋਂ ਪਹਿਲਾਂ ਉਨ੍ਹਾਂ ਵਿਦਵਾਨਾਂ, ਕੀਰਤਨੀਆਂ ਅਤੇ ਸੰਗੀਤਕਾਰਾਂ ਨਾਲ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਸੀ। ਵਿਦਵਾਨਾਂ ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ, ਲੁਧਿਆਣਾ ਵਿਖੇ ਬੁਲਾਉਣਾ, ਉਨ੍ਹਾਂ ਦੀਆਂ ਮੀਟਿੰਗਾਂ ਕਰਵਾਉਣੀਆਂ ਅਤੇ ਹੌਲੀ ਹੌਲੀ ਖਾਸ ਨਿਰਣਿਆਂ 'ਤੇ ਸਹਿਮਤੀ ਕਰਾਉਣੀ- ਇਹ ਉਨ੍ਹਾਂ ਦਿਨਾਂ ਵਿਚ ਬਾਬਾ ਜੀ ਦੇ ਮੁੱਖ ਰੁਝੇਵੇਂ ਸਨ। ਰਾਗ ਨਿਰਣਾਇਕ ਕਮੇਟੀ ਬਣਾ ਕੇ ਰਾਗਾਂ ਦੇ ਸਰੂਪ ਨਿਰਧਾਰਿਤ ਕੀਤੇ ਗਏ। ਮੁੱਖ ਰਾਗਾਂ ਅਤੇ ਮਿਸ਼ਰਤ ਰਾਗਾਂ ਦੇ ਸਰੂਪ ਨਿਰਧਾਰਿਤ ਕਰਨਾ ਬੜਾ ਕਠਿਨ ਕੰਮ ਸੀ। ਪਰ ਬਾਬਾ ਜੀ ਦੇ ਅਣਥੱਕ ਜਤਨਾਂ ਸਦਕਾ ਇਹ ਕਾਰਜ ਨੇਪਰੇ ਚੜ੍ਹਿਆ ਅਤੇ ਫਿਰ ਵੱਖ ਵੱਖ ਰਾਗੀ ਜੱਥਿਆਂ ਨੂੰ ਇਨ੍ਹਾਂ ਰਾਗ-ਸਰੂਪਾਂ ਅਨੁਸਾਰ ਹੀ ਸ਼ਬਦ ਗਾਇਨ ਕਰਨ ਦੀ ਹਦਾਇਤ ਕੀਤੀ ਗਈ।

ਪਹਿਲੇ ਗੁਰਮਤਿ ਸੰਗੀਤ ਸੰਮੇਲਨ ਵਿਚ ਇਕੱਤੀ ਰਾਗਾਂ ਵਿਚ ਵੱਖ-ਵੱਖ ਰਾਗੀ ਜੱਥਿਆਂ ਨੇ ਕੀਰਤਨ ਕੀਤਾ। ਉਸ ਕੀਰਤਨ ਦੀ ਬਹੁਤ ਵਧੀਆ ਰਿਕਾਰਡਿੰਗ ਕੀਤੀ ਗਈ, ਉਸ ਰਿਕਾਰਡਿੰਗ ਦੀ ਸੰਪਾਦਨਾ ਕਰਕੇ ਇਕੱਤੀ ਰਾਗਾਂ ਵਿਚ ਕੀਤੇ ਕੀਰਤਨ ਦੀਆਂ ਕੈਸੇਟਾਂ ਦੇ ਸੈਟ ਤਿਆਰ ਕੀਤੇ ਗਏ। ਇਹ ਸੈਟ ਸੰਗਤਾਂ ਤੱਕ ਪਹੁੰਚਾਏ ਗਏ। ਇਸ ਕਾਰਜ ਦੀ ਬਹੁਤ ਸ਼ਲਾਘਾ ਹੋਈ।

ਇਸ ਤੋਂ ਬਾਅਦ ਦੇ ਸੰਮੇਲਨਾਂ ਵਿਚ ਮਿਸ਼ਰਤ ਰਾਗਾਂ ਦਾ ਗਾਇਨ ਵੱਖ ਵੱਖ ਸ਼ੈਲੀਆਂ ਛੰਤ, ਵਾਰਾਂ, ਅਲਾਹੁਣੀਆਂ, ਘੋੜੀਆਂ ਆਦਿ ਦਾ ਗਾਇਨ ਕਰਵਾਇਆ ਗਿਆ, ਫਿਰ ਤਾਂ ਗੁਰਮਤਿ ਸੰਗੀਤ ਅਤੇ ਨਿਰਧਾਰਿਤ ਰਾਗਾਂ ਵਿਚ ਗਾਇਨ ਕਰਨ ਦੀ ਲਹਿਰ ਵਿਆਪਕ ਰੂਪ ਵਿਚ ਚਲ ਪਈ। ਇਸੇ ਪ੍ਰਭਾਵ ਸਦਕਾ ਕੈਸੇਟ ਕੰਪਨੀਆਂ ਜਿਹੜੀਆਂ ਹੁਣ ਤੱਕ ਹਲਕੀ ਫੁਲਕੀ ਕੀਰਤਨ ਸ਼ੈਲੀ ਵਿਚ ਕੈਸੇਟਾਂ ਰਿਕਾਰਡ ਰਹੀਆਂ ਸਨ ਨੇ ਵੀ ਨਿਰਧਾਰਤ ਰਾਗਾਂ ਵਿਚ ਕੀਰਤਨ ਦੀਆਂ ਕੈਸੇਟਾਂ ਰਿਕਾਰਡ ਕਰਵਾਉਣੀਆਂ ਸ਼ੁਰੂ ਕੀਤੀਆਂ।

ਬਾਬਾ ਜੀ ਦੇ ਉੱਦਮ ਅਤੇ ਪ੍ਰੇਰਨਾ ਸਦਕਾ ਕਈ ਵਧੀਆ ਰਾਗੀ ਜੱਥੇ ਤਿਆਰ ਹੋਏ। ਉਨ੍ਹਾਂ ਨੇ ਜਵੱਦੀ ਕਲਾਂ ਵਿਖੇ ਗੁਰਮਤਿ ਸੰਗੀਤ ਵਿਦਿਆਲਾ ਸਥਾਪਤ ਕਰਕੇ ਸਿੱਖ ਸੰਗੀਤ ਪ੍ਰੰਪਰਾ ਨੂੰ ਸੰਭਾਲਣ ਅਤੇ ਪ੍ਰਚਾਰਨ ਦਾ ਸ਼ਲਾਘਾ ਯੋਗ ਉਦਮ ਕੀਤਾ।

'ਅੰਮ੍ਰਿਤ ਕੀਰਤਨ ਟ੍ਰਸਟ' ਅਤੇ ਇਸ ਵਲੋਂ ਪ੍ਰਕਾਸ਼ਤ ਕੀਤੇ ਜਾ ਰਹੇ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੀ ਉਹ ਹਮੇਸ਼ਾਂ ਪ੍ਰਸੰਸਾਂ ਕਰਦੇ ਰਹੇ ਹਨ। ਉਹ ਜਿੱਥੇ ਇਸ ਨੂੰ ਅਗਵਾਈ ਦਿੰਦੇ ਸਨ ਉਥੇ ਸਮੇਂ-ਸਮੇਂ ਮਾਇਕ ਸਹਾਇਤਾ ਦੇ ਕੇ ਉਤਸ਼ਾਹ ਵੀ ਵਧਾਉਂਦੇ ਰਹੇ।

ਅਸੀਂ ਬਾਬਾ ਜੀ ਵਲੋਂ ਚਲਾਈ ਇਸ ਲਹਿਰ ਨੂੰ ਜਾਰੀ ਰੱਖਣ ਦਾ ਪ੍ਰਣ ਕਰਦੇ ਹੋਏ ਸ਼ਰਧਾਂਜਲੀ ਅਰਪਨ ਕਰ ਰਹੇ ਹਾਂ।

# ਗੁਰਮਤਿ ਸੰਗੀਤ ਦੇ ਪ੍ਰਚਾਰਕ ਸੰਤ ਬਾਬਾ ਸੁੱਚਾ ਸਿੰਘ ਜੀ

ਪ੍ਰੋ. ਕਰਤਾਰ ਸਿੰਘ
ਗੁਰਮਤਿ ਸੰਗੀਤ ਅਕੈਡਮੀ
ਅਨੰਦਪੁਰ ਸਾਹਿਬ (ਰੋਪੜ)

ਬਾਬਾ ਸੁੱਚਾ ਸਿੰਘ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਗਾਲਬਨ ਅਕਤੂਬਰ, ਨਵੰਬਰ 1990 ਵਿਚ ਬੀਬੀ ਜਸਬੀਰ ਕੌਰ ਦੇ ਘਰ ਮਾਡਲ ਟਾਊਨ ਲੁਧਿਆਣਾ ਵਿਖੇ ਹੋਈ। ਇਸ ਤੋਂ ਪਹਿਲਾਂ ਬੀਬੀ ਜਸਬੀਰ ਕੌਰ ਦੇ ਛੋਟੇ ਭੈਣ ਬੀਬੀ ਇੰਦਰਜੀਤ ਕੌਰ ਜੋ ਮੇਰੀ ਵਿਦਿਆਰਥਣ ਸੀ ਉਨ੍ਹਾਂ ਰਾਹੀਂ ਬਾਬਾ ਜੀ ਨੂੰ ਪਹਿਲਾਂ ਦੱਸਿਆ ਜਾ ਚੁੱਕਾ ਸੀ ਕਿ ਮੈਂ ਵੀ 1968-1969 ਤੋਂ ਸ਼ਬਦ ਦੇ ਨਿਰਧਾਰਤ ਸਰੂਪ ਨੂੰ ਵਿਦਿਅਕ ਸੰਸਥਾਵਾਂ ਰਾਹੀਂ ਪ੍ਰਚਾਰਨ ਵਿਚ ਯਤਨਸ਼ੀਲ ਹਾਂ। ਗੱਲਬਾਤ ਦੀ ਸ਼ੁਰੂਆਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਦੇ ਅਧਾਰ 'ਤੇ ਸ਼ਬਦਾਂ ਦਾ ਗਾਇਨ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਰਾਹੀਂ ਕਰਵਾਏ ਜਾਣ ਬਾਰੇ ਹੋਈ। ਰਾਗਾਂ ਦੇ ਸਰੂਪਾਂ ਦੀ ਸਪੱਸ਼ਟਤਾ ਨਾ ਹੋਣ ਕਾਰਨ ਪੰਡਿਤ ਦਲੀਪ ਚੰਦਰ ਬੇਦੀ ਜੀ ਨੂੰ ਮੁੱਖੀ ਥਾਪ ਕੇ ਰਾਗ ਨਿਰਣਾਇਕ ਕਮੇਟੀ ਦਾ ਗਠਨ ਕੀਤਾ ਗਿਆ ਤੇ ਸਮਾਗਮ ਲਈ ਗੁਣਵਾਨ ਕੀਰਤਨੀਆਂ, ਕਾਲਜਾਂ ਤੇ ਯੂਨੀਵਰਸਿਟੀ ਦੇ ਸੰਗੀਤ ਅਧਿਆਪਕਾਂ ਤੇ ਨਾਮੀ ਸਿੱਖ ਸੰਗੀਤਕਾਰਾਂ ਨੂੰ ਜੋੜਿਆ ਗਿਆ। ਮੈਨੂੰ ਰਾਗ ਨਿਰਣਾਇਕ ਕਮੇਟੀ ਦੇ ਮੈਂਬਰ, ਕੁਆਰਡੀਨੇਟਰ ਤੇ ਹੋਰ ਸੇਵਾਵਾਂ ਨਿਭਾਉਣ ਲਈ ਜੋੜਿਆ ਗਿਆ। 1991 ਦਾ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਇਕ ਸਮਾਗਮ ਹੀ ਨਹੀਂ ਸਗੋਂ ਸੰਗਤਾਂ ਅੰਦਰ ਇਕ ਲਹਿਰ ਦਾ ਰੂਪ ਬਾਰ ਗਿਆ। ਗੁਰੂਆਂ ਦੀ ਰਚਿਤ ਬਾਣੀ ਦਾ ਅਸਲ ਰੂਪ ਵਿਚ ਕੀਰਤਨ ਰਾਹੀਂ ਪ੍ਰਦਰਸ਼ਨ ਹੋ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਇਸ ਰਸ ਨੂੰ ਮਾਨਣ ਲਈ ਸੰਗਤਾਂ ਬਹੁਤ ਲੰਮੀਆਂ ਲਾਈਨਾਂ ਬਣਾ ਕੇ ਗੁਰੂ ਦਰਬਾਰ ਅੰਦਰ ਸੀਸ ਝੁਕਾਉਣ ਲਈ ਹਾਜ਼ਰ ਹੋ ਰਹੀਆਂ ਸਨ। ਸਟੇਜ ਦੀ ਸਜਾਵਟ ਗੁਰੂ ਦਰਬਾਰ ਵਿਚ ਕੀਰਤਨੀਆਂ ਦਾ ਸਟੇਜ 'ਤੇ ਆਉਣ ਜਾਣ, ਲੰਗਰ, ਜੋੜੇ ਆਦਿ ਇਨ੍ਹਾਂ ਸਾਰੇ ਪ੍ਰਬੰਧਾਂ ਪਿੱਛੇ ਬਾਬਾ ਜੀ ਦੀ ਸੂਝਬੂਝ ਤੇ ਬੀਬੀ ਜਸਬੀਰ ਕੌਰ ਦੇ ਸਾਰੇ ਕਾਰਜ ਖੇਤਰ ਵਿਚ ਸਹਾਇਕ ਰੂਪ ਵਿਚ ਕੰਮ ਕਰਨ ਦੀ ਯੋਗਤਾ ਨਜ਼ਰ ਆ ਰਹੀ ਸੀ। ਸੰਗਤ ਦਾ ਹਰ ਵਿਅਕਤੀ ਇਸ ਸੰਮੇਲਨ ਨੂੰ ਅਦੁੱਤੀ ਕਹਿ ਕੇ ਪ੍ਰਸੰਸਾ ਕਰ ਰਿਹਾ ਸੀ। ਕੁਝ ਸੰਗੀਤ ਪ੍ਰੇਮੀ ਤਾਂ ਇਸ ਸੰਮੇਲਨ ਤੋਂ ਪ੍ਰਭਾਵਿਤ ਹੋ ਕੇ ਇਸਦੀ ਲੁਧਿਆਣੇ ਦਾ ਹਰਬਲਭ ਸੰਗੀਤ ਸੰਮੇਲਨ ਕਹਿ ਕੇ ਸਰਾਹਨਾ ਕਰ ਰਹੇ ਸਨ। ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਲੜੀ ਵਿਚ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ, ਵਿਸ਼ਵ ਸਿੱਖ ਸੰਮੇਲਨ ਸਮੇਂ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵੀ ਅਦੁੱਤੀ ਸੰਮੇਲਨ ਕਰਵਾਏ ਗਏ। ਬਾਬਾ ਜੀ ਦੀ ਕਾਫੀ ਸਮੇਂ ਤੋਂ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਇਸ ਲੜੀ ਦਾ ਦਸਵਾਂ ਸੰਮੇਲਨ ਦਸੰਬਰ 2001 ਨੂੰ ਬਹੁਤ ਚੜ੍ਹਦੀਆਂ ਕਲਾਂ ਵਿਚ ਹੋਇਆ। ਕੀਰਤਨ ਖੇਤਰ ਦੇ ਗੁਣੀਜਨਾਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੀਆਂ ਸੇਵਾਵਾਂ ਲਈ ਹਰ ਸੰਮੇਲਨ ਤੇ ਐਵਾਰਡ ਦੇ ਕੇ ਪੂਰਾ ਸਨਮਾਨ ਕਰਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ 31 ਰਾਗਾਂ ਦੀਆਂ ਆਡੀਓ ਕੈਸਟਾਂ ਦਾ ਸੈਟ ਜੋ 1991 ਦੇ ਸਮਾਗਮ ਦੀ ਇਕ ਬਹੁਤ ਵੱਡੀ ਦੇਣ ਹੈ। ਇਹ ਇਕ ਬਹੁਤ ਨਿੱਗਰ ਕਾਰਜ ਹੋਇਆ ਹੈ। ਗਉੜੀ ਰਾਗ ਸੁਲੱਖਣੀ ਦੀਆਂ 3 ਕੈਸਟਾਂ ਦੇ ਸੈਟ ਵਿਚ ਗਉੜੀ ਦੇ 12 ਪ੍ਰਕਾਰਾਂ ਦਾ ਨਾਮੀ ਕੀਰਤਨੀਆਂ ਦੀ ਆਵਾਜ਼ ਵਿਚ ਗਾਇਨ ਇਕ ਸ਼ਲਾਘਾਯੋਗ ਕੰਮ ਹੈ। ਖਾਲਸਾ ਜੀ ਦੀ ਤੀਜੀ ਸ਼ਤਾਬਦੀ ਦੇ ਸਬੰਧ ਵਿਚ ਪਾਤਸ਼ਾਹੀ 10 ਦੀ ਰਚਿਤ ਬਾਣੀ 'ਸ਼ਬਦ ਹਜਾਰੇ ਪਾਤਸ਼ਾਹੀ 10' ਦਾ ਦੋ ਆਡੀਓ ਕੈਸਟਾਂ ਦਾ ਸੈਟ ਵੀ ਕੀਰਤਨ ਪ੍ਰਚਾਰ ਵਿਚ ਬਹੁਤ ਸ਼ਲਾਘਾਯੋਗ ਕੰਮ ਹੈ। ਇਸ ਤੋਂ ਬਿਨ੍ਹਾਂ 'ਗੁਰੂ ਨਾਨਕ ਸੰਗੀਤ ਪੱਦਤੀ ਗ੍ਰੰਥ' ਗੁਰਮਤਿ ਸੰਗੀਤ ਵਿਸ਼ੇਸ਼ ਅੰਕ ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਸਬੰਧੀ ਅੰਕ ਤੇ ਹੋਰ ਰਚਨਾਵਾਂ ਬਹੁਤ ਵੱਡੇ ਕੰਮ ਹੋਏ ਹਨ। ਜਵੱਦੀ ਟਕਸਾਲ ਦੀ ਸਥਾਪਨਾ ਕੀਰਤਨ ਸ਼ੈਲੀ ਦੇ ਪ੍ਰਚਾਰਕ ਵੱਲ ਇਕ ਚੰਗਾ ਉੱਦਮ ਹੈ। ਇਨ੍ਹਾਂ ਸਾਰੇ ਕਾਰਜਾਂ ਵਿਚ ਜੋ ਜੋਤੀ ਜਗ ਰਹੀ ਸੀ, ਚਾਨਣ ਦੇ ਰਹੀ ਸੀ, ਜਿਹੜੀ ਆਤਮਾ ਐਸੇ ਮਹਾਨ ਕਾਰਜ ਕਰਨ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰ ਰਹੀ ਸੀ। ਜੋ ਪੰਜ ਭੂਤਕ ਸਰੀਰ ਰੂਪ ਵਿਚ ਬਾਬਾ ਸੁੱਚਾ ਸਿੰਘ ਦੇ ਰੂਪ ਵਿਚ ਸੀ ਉਹ ਜੋਤੀ ਸਦਾ ਲਈ ਆਪਣੇ ਅਸਲ ਰੂਪ ਵਿਚ ਸਮਾ ਗਈ। ਵਾਹਿਗੁਰੂ ਕਰੇ ਉਨ੍ਹਾਂ ਦੀ ਸੰਗਤ ਤੋਂ ਪ੍ਰੇਰਿਤ ਸਮੂੰਹ ਸਤਿਸੰਗੀ, ਕੀਰਤਨੀਏ, ਸਮੂਹਿਕ ਰੂਪ ਵਿਚ ਗੁਰਮਤਿ ਸੰਗੀਤ ਦੀ ਸੇਵਾ ਲਈ ਸਦੈਵ ਯਤਨਸ਼ੀਲ ਰਹਿਣ।

# ਰਾਗ ਨਿਰਣਾਇਕ ਕਮੇਟੀ ਦੇ ਬਾਨੀ: ਸੰਤ ਬਾਬਾ ਸੁੱਚਾ ਸਿੰਘ ਜੀ


**ਡਾ. ਗੁਰਨਾਮ ਸਿੰਘ**

ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ
ਪਟਿਆਲਾ


ਅਨੇਕ ਸੰਤ ਮਹਾਂਪੁਰਸ਼ਾਂ ਨੇ ਸਮੇਂ ਸਮੇਂ ਸਿੱਖ ਧਰਮ ਦੀ ਸੇਵਾ ਵਿਚ ਭਰਪੂਰ ਯੋਗਦਾਨ ਪਾਇਆ ਹੈ। ਸੇਵਾ ਦੇ ਇਸ ਪਸਾਰੇ ਵਿਚ ਪਿਛਲੇ ਕੁਝ ਸਮੇਂ ਤੋਂ ਭਾਵੇਂ ਕੁਝ ਗੁਣਾਤਮਕ ਪਰਿਵਰਤਨ ਤਾਂ ਜ਼ਰੂਰ ਆਇਆ ਹੈ ਪਰ ਸਿੱਖ ਧਰਮ-ਦਰਸ਼ਨ ਤੇ ਕਲਾਵਾਂ ਦੀ ਸੁਰੱਖਿਆ ਸੰਭਾਲ ਲਈ ਯੋਗਦਾਨ ਪਾਉਣ ਵਾਲੇ ਮਹਾਂਪੁਰਸ਼ਾਂ ਦੀ ਘਾਟ ਹਮੇਸ਼ਾਂ ਹੀ ਰਹੀ ਹੈ। ਇਸ ਖੇਤਰ ਵਿਚ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਜੋ ਅਦੁੱਤੀ ਕਾਰਜ ਕਰ ਵਿਖਾਇਆ ਉਹ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਅਤਿ ਲਾਹੇਵੰਦ ਤੇ ਯਾਦਗਾਰੀ ਹੋ ਨਿਬੜਿਆ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕੀਰਤਨ ਦੀ ਪੁਨਰ ਸੁਰਜੀਤੀ ਲਈ ਮਿਸ਼ਨਰੀ ਭਾਵਨਾਵਾਂ ਨਾਲ ਸੰਤ ਬਾਬਾ ਸੁੱਚਾ ਸਿੰਘ ਜੀ ਦੁਆਰਾ ਕੀਤੇ ਕਾਰਜਾਂ ਨੂੰ ਸਿੱਖ ਸੰਗਤਾਂ ਦਾ ਭਰਪੂਰ ਅਸ਼ੀਰਵਾਦ ਪ੍ਰਾਪਤ ਹੋਇਆ। ਕੀਰਤਨ ਦਰਬਾਰ, ਰਾਗਮਈ ਕੀਰਤਨ ਦਰਬਾਰ ਤਾਂ ਕੋਈ ਵੀ ਸੰਸਥਾ ਕਰਵਾ ਸਕਦੀ ਸੀ ਪਰ ਜਿਸ ਵਿਗਿਆਨਕਤਾ ਨਾਲ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਸੰਗ੍ਰਹਿ, ਅਧਿਐਨ ਤੇ ਵਿਸ਼ਲੇਸ਼ਣ ਕਰਵਾਇਆ ਉਹ ਰੋਸ਼ਨ ਦਿਮਾਗ ਗੁਰਸਿੱਖ ਦੀ ਆਪਣੇ ਗੁਰੂ ਦੇ ਸੰਗੀਤ ਪ੍ਰਤੀ ਸੱਚੀ ਸ਼ਰਧਾ ਦਾ ਪ੍ਰਤੀਕ ਹੀ ਸੀ। ਦਾਸ ਨੂੰ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਇਸ ਕਾਰਜ ਨਾਲ ਆਰੰਭਕ ਦਿਨਾਂ ਤੋਂ ਹੀ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਗੁਰਮਤਿ ਸੰਗੀਤ ਅਚਾਰੀਆ ਪ੍ਰੋ. ਤਾਰਾ ਸਿੰਘ ਜੀ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਜੋ ਲਹਿਰ ਪਟਿਆਲਾ ਤੇ ਪੰਜਾਬ ਵਿਚ ਚਲਾਈ, ਉਸ ਕਾਰਨ ਅਸੀਂ ਸੰਤ ਬਾਬਾ ਸੁੱਚਾ ਜੀ ਨਾਲ ਜਲਦੀ ਹੀ ਇਕ ਲੜੀ ਵਿਚ ਪਰੋਏ ਗਏ। ਗੁਰਮਤਿ ਸੰਗੀਤ ਤੇ ਹੋਈ ਖੋਜ ਦਾ ਸੰਗ੍ਰਹਿ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਧਿਆਨਾਂ ਦੀਆਂ ਪੇਂਟਿੰਗਜ਼ ਤਿਆਰ ਕਰਵਾਉਣ ਦਾ ਕਾਰਜ ਬਾਬਾ ਜੀ ਦੁਆਰਾ ਮੈਨੂੰ ਸੌਂਪਿਆ ਗਿਆ, ਜੋ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਿਮਰਤੀ ਗ੍ਰੰਥਾਂ ਦੁਆਰਾ ਪ੍ਰਤੱਖ ਹੋਇਆ। ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗ ਸਰੋਤਾਂ ਦੇ ਇਕੱਤਰੀਕਰਨ ਦੀ ਜੋ ਸੇਵਾ ਲਾਈ ਉਹ ਸਮੱਗਰੀ ਨਿਰਣਾਇਕ ਕਮੇਟੀ ਲਈ ਬੁਨਿਆਦੀ ਤੌਰ ਤੇ ਲਾਹੇਵੰਦ ਸਿਧ ਹੋਈ। ਸੰਤ ਬਾਬਾ ਸੁੱਚਾ ਸਿੰਘ ਜੀ ਨੇ ਰਾਗ ਨਿਰਣਾਇਕ ਕਮੇਟੀ ਦੀ ਸਥਾਪਨਾ ਕਰਕੇ ਪੰਡਿਤ ਦਲੀਪ ਚੰਦਰ ਬੇਦੀ ਵਰਗੇ ਮਹਾਨ ਪੰਜਾਬੀ ਸੰਗੀਤਕਾਰ ਨੂੰ ਇਸ ਕਮੇਟੀ ਦਾ ਸਰਬਪ੍ਰਸਤ ਥਾਪਿਆ ਅਤੇ ਅਨੇਕ ਗੁਣੀਜਨਾਂ, ਸੰਗੀਤ ਵਿਦਵਾਨਾਂ, ਕੀਰਤਨਕਾਰਾਂ ਦੀ ਮਦਦ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਤੇ 31 ਰਾਗ ਪ੍ਰਕਾਰਾਂ ਦੇ ਸਰੂਪਾਂ ਦੀ ਪਛਾਣ ਸਥਾਪਿਤ ਕੀਤੀ। ਰਾਗ ਸਰੂਪਾਂ ਦਾ ਸੰਗ੍ਰਹਿ, ਇਕ ਇਕ ਰਾਗ ਉੱਤੇ ਵਿਚਾਰ ਚਰਚਾ ਕਰਵਾਕੇ ਬਹੁ-ਸੰਮਤੀ ਦੁਆਰਾ ਰਾਗ ਸਰੂਪ ਨਿਰਧਾਰਣ, ਕਿਰਿਆਤਮਕ ਰੂਪ ਵਿਚ ਗਾਇਨ ਕਰਵਾਉਣ ਲਈ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਪ੍ਰਤੀਬੱਧਤਾ ਨਾਲ ਰਾਗ ਸਰੂਪ ਲਾਗੂ ਕਰਵਾਉਣਾ ਅਤੇ 80 ਤੋਂ ਵੱਧ ਰਾਗੀ ਸਿੰਘਾਂ ਦੁਆਰਾ ਰਿਕਾਰਡਿੰਗ ਕਰਵਾਉਣੀ ਕੁਝ ਅਜਿਹੇ ਪ੍ਰਮੁੱਖ ਕਾਰਜ ਜਿਨ੍ਹਾਂ ਨੂੰ ਵਿਸਤਰਿਤ, ਸਪਸ਼ਟ ਤੇ ਨਿੱਗਰ ਵਚਨਬੱਧਤਾ ਦੀ ਜ਼ਰੂਰਤ ਸੀ। ਇਹ ਕਾਰਜ ਸੰਤ ਬਾਬਾ ਸੁੱਚਾ ਸਿੰਘ ਵਰਗਾ ਅਦੁੱਤੀ ਵਿਅਕਤੀ ਹੀ ਕਰ ਸਕਦਾ ਸੀ।

ਬਾਬਾ ਜੀ ਨੇ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਵਿਚ ਜੋ ਸਾਡੀ ਭਰਪੂਰ ਸਰਪ੍ਰਸਤੀ ਤੇ ਅਗਵਾਈ ਕੀਤੀ ਉਹ ਕਦੇ ਭੁਲਾਈ ਨਹੀਂ ਜਾ ਸਕਦੀ। ਉਹਨਾਂ ਦੇ ਜੀਵਨ ਦਾ ਇਕ ਵੱਡਾ ਸੁਪਨਾ ਕਿਸੇ ਅਜਿਹੀ ਸੰਗੀਤ ਸੰਸਥਾ ਦੀ ਸਥਾਪਨਾ ਸੀ ਜਿਸ ਵਿਚ ਸਮੁੱਚੇ ਸਿੱਖ ਸੰਗੀਤ ਦੀ ਸੰਭਾਲ ਅਤੇ ਸਿਖਲਾਈ ਸੰਭਵ ਹੋ ਸਕੇ। ਬਾਬਾ ਜੀ ਨੇ ਜੀਵਨ ਭਰ ਆਪਣੇ ਸੁੱਖ-ਅਰਾਮ ਤੇ ਡੇਰੇ ਦੇ ਇਮਾਰਤੀ ਵਿਸਥਾਰ ਦਾ ਤਿਆਗ ਕਰ ਪੰਥ ਦੀ ਸਰਬ ਸਾਂਝੀ ਸੰਗੀਤ ਕਲਾ ਗੁਰਮਤਿ ਸੰਗੀਤ ਦੇ ਵਿਕਾਸ ਲਈ ਦਿਨ ਰਾਤ ਇਕ ਕਰੀ ਰੱਖਿਆ। ਵਿਗੜੀ ਸਿਹਤ ਵੀ ਉਹਨਾਂ ਦੇ ਸਿਰੜੀ ਸੁਭਾਅ ਸਾਹਮਣੇ ਚੁੱਪ ਖਾਮੋਸ਼ ਰਹੀ।

ਦੇਸ਼-ਵਿਦੇਸ਼ ਦੇ ਵਿਦਵਾਨਾਂ, ਸੰਗੀਤਕਾਰਾਂ, ਕੀਰਤਨੀਆਂ, ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ, ਰਾਜਸੀ ਨੇਤਾਵਾਂ ਤੇ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਸੰਗ ਵਿਚਰਦਿਆਂ ਬਾਬਾ ਜੀ ਇਕ ਸੱਚੇ ਸੁੱਚੇ ਸੰਤ ਹੋਣ ਦੇ ਨਾਲ ਨਾਲ ਸਭ ਦੇ ਹਰਮਨ ਪਿਆਰੇ, ਹਮਰਾਜ਼ ਤੇ ਹਮਖ਼ਿਆਲ ਦੋਸਤ ਵਾਂਗੂੰ ਵਿਚਰੇ।

ਵੱਡਿਆਂ ਤੇ ਛੋਟਿਆਂ ਨਾਲ ਉਨ੍ਹਾਂ ਦੀ ਅਟੁੱਟ ਅੰਤਰੀਵੀ ਸਾਂਝ ਨੇ ਬਾਬਾ ਸੁੱਚਾ ਸਿੰਘ ਦੇ ਆਲੇ ਦੁਆਲੇ ਉਨ੍ਹਾਂ ਦੇ ਸ਼ੁਭ ਚਿੰਤਕਾਂ ਦਾ ਅਜਿਹਾ ਆਭਾ ਮੰਡਲ ਸਿਰਜਿਆ ਜਿਸਨੂੰ ਅਗਾਂਹ ਕਾਇਮ ਰੱਖ ਸਕਣ ਲਈ ਉਹਨਾਂ ਵਰਗੀ ਵਰੋਸਾਈ ਸ਼ਖ਼ਸੀਅਤ ਦਾ ਹੀ ਕਮਾਲ ਹੋ ਸਕਦਾ ਹੈ।

ਗੁਰੂ ਬਾਬੇ ਦੇ ਸੁੱਚੇ ਰਾਗਾਂ ਦੇ ਸੱਚੇ ਆਸ਼ਕ ਬਾਬਾ ਜੀ ਵਜਦ ਵਿਚ ਆ ਕੇ ਕਿਹਾ ਕਰਦੇ ਸਨ, "ਯਾਰ ਇਹ ਸਾਰੇ ਰਾਗ ਤੁਸੀਂ ਗਾ ਨਹੀਂ ਸਕਦੇ? ਜਿਹੜਾ ਕੋਈ ਰਾਗੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗ ਗਾਵੇਗਾ ਮੈਂ ਉਹਨੂੰ ਸੋਨੇ ਨਾਲ ਤੋਲਾਗਾਂ।" ਇਹ ਪ੍ਰੇਰਣਾ ਤੇ ਉਤਸ਼ਾਹ ਹੀ ਕਾਫੀ ਸੀ।

ਭਾਈ ਬਲਬੀਰ ਸਿੰਘ ਜੀ ਨੇ 31 ਰਾਗਾਂ ਦੀ ਟੀ-ਸੀਰੀਜ਼ ਰਿਕਾਰਡਿੰਗ ਕਰਵਾਈ ਅਤੇ ਦਾਸ (ਡਾ. ਗੁਰਨਾਮ ਸਿੰਘ) ਨੇ ਐਚ. ਐਮ. ਵੀ. ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਤੇ 31 ਰਾਗ ਪ੍ਰਕਾਰਾਂ ਕੁੱਲ 62 ਰਾਗਾਂ ਦੀ ਰਿਕਾਰਡਿੰਗ ਕਰਵਾ ਰਿਲੀਜ਼ ਕੀਤੀ। ਸੰਗਤਾਂ ਨੇ ਜਿੰਨਾਂ ਮਾਣ, ਸਤਿਕਾਰ ਤੇ ਪਿਆਰ ਸਾਨੂੰ ਦਿੱਤਾ ਉਹ ਬਾਬਾ ਜੀ ਦੇ ਸੁਨਹਿਰੇ ਬੋਲਾਂ ਦੀ ਪ੍ਰੇਰਣਾ ਸਦਕਾ ਹੀ ਸੰਭਵ ਹੋ ਸਕਿਆ। ਬਾਬਾ ਜੀ ਕਿਹਾ ਕਰਦੇ ਸਨ, "ਮੂੜ੍ਹ ਲੋਕ ਕਿਹਾ ਕਰਦੇ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗ ਗਾਏ ਨਹੀਂ ਜਾ ਸਕਦੇ ਲੋ ਸਾਡੇ ਡਾਕਟਰ ਸਾਹਿਬ ਨੇ ਗਾ ਦਿੱਤੇ ਹਨ। ਰਾਗ ਨਿਰਣਾਇਕ ਕਮੇਟੀ ਦੇ ਰਾਗ ਸਰੂਪ ਪ੍ਰਤੱਖ ਨੇ, ਹੁਣ ਕੋਈ ਗਾਵੇ, ਕੋਈ ਸਿੱਖੇ, ਸਮਝੇ, ਸਾਡਾ ਕੰਮ ਗੁਰੂ ਨੇ ਕਰਵਾ ਲਿਆ।" ਰਿਕਾਰਡਿੰਗ ਦੇ ਪ੍ਰੋਜੈਕਟ ਵਿਚ ਦਾਸ ਆਪਣਾ ਤੇ ਆਪਣੀ ਸੁਪਤਨੀ ਡਾ. ਅੰਮ੍ਰਿਤਪਾਲ ਕੌਰ ਦੀ ਤਨਖਾਹ ਚੋਂ ਜੋੜੀ ਮਾਇਆ, ਫੰਡਾਂ ਤੇ ਲੋਨ ਆਦਿ ਦੇ ਸਾਰੇ ਪੈਸੇ ਖਰਚ ਕੇ ਬਾਬਾ ਜੀ ਕੋਲ ਗਿਆ ਤਾਂ ਤਾੜੀ ਮਾਰ ਕੇ ਖ਼ੂਬ ਹਸੇ, "ਮੈਨੂੰ ਪਤਾ ਸੀ ਤੂੰ ਜ਼ਰੂਰ ਕੁਝ ਨਾ ਕੁਝ ਕਰੇਂਗਾ, ਫਿਕਰ ਨਾ ਕਰ, ਤੂੰ ਗੁਰੂ ਦਾ ਕਾਰਜ ਕੀਤਾ ਹੈ, ਗੁਰੂ ਸੁਆਰੇ ਗੁਰਨਾਮ ਸਿੰਘ ਡਾ., ਗੁਰੂ ਦੀਆਂ ਰਹਿਮਤਾਂ, ਦਾਤਾਂ ਤੇਰੇ ਤੋਂ ਸੰਭਾਲੀਆਂ ਨਹੀਂ ਜਾਣੀਆਂ।" ਉਨ੍ਹਾਂ ਦੇ ਬਚਨ ਸੱਚੇ ਹੋਏ ਹਨ। ਆਪਣੇ ਰੰਗਲੇ ਸੱਜਣ ਤੇ ਪਿਆਰੇ ਮਿੱਤਰ ਸੰਤ ਬਾਬੇ ਦੀਆਂ ਜਿੰਨੀਆਂ ਵੀ ਬਾਤਾਂ ਦੀ ਦਾਸਤਾਂ ਲਿਖਾਂ, ਉਸ ਲਈ ਸ਼ਾਇਦ ਕਲਮ ਤੇ ਕਾਗ਼ਜ਼ ਥੁੜ੍ਹ ਜਾਣ। ਡਰ ਲਗਦਾ ਹੈ, ਉਸ ਮਹਾਂਪੁਰਖ ਦੇ ਅਧੂਰੇ ਕੰਮ ਪੂਰੇ ਕਰਨ ਦੀ ਜ਼ਿੰਮੇਵਾਰੀ ਕਿਤੇ ਡੇਰਿਆਂ ਦੀ, ਸਰਦਾਰੀਆਂ ਵਿਚ ਦਬਕੇ ਨਾ ਰਹਿ ਜਾਵੇ। ਇਸ ਲਈ ਸੰਗਤਾਂ ਦੀ ਸਰਪ੍ਰਸਤੀ ਤੇ ਅਗਵਾਈ ਦੀ ਲੋੜ ਹੈ। ਆਓ ਸਾਰੇ ਰਲਕੇ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਉਨ੍ਹਾਂ ਦੁਆਰਾ ਆਰੰਭੇ ਕਾਰਜਾਂ ਅਤੇ ਸਿੱਖ ਸੰਗੀਤ ਪ੍ਰਤੀ ਲਏ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਆਪੋ ਆਪਣਾ ਯੋਗਦਾਨ ਪਾਈਏ। ੴ

# ਸੰਤ ਬਾਬਾ ਸੁੱਚਾ ਸਿੰਘ - ਇਕ ਨਿੱਘੀ ਯਾਦ

ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ
2, ਰਘਬੀਰ ਸਿੰਘ ਨਗਰ
ਪਟਿਆਲਾ

ਪੰਜਾਬ ਦੀ ਧਰਤੀ ਨੇ ਜਿਥੇ ਮਹਾਨ ਸ਼ਖਸ਼ੀਅਤਾਂ ਨੂੰ ਜਨਮ ਦਿੱਤਾ ਉਥੇ ਸੰਗੀਤ ਦੇ ਖੇਤਰ ਵਿੱਚ ਉਚ ਕੋਟੀ ਦੇ ਕਲਾਕਾਰਾਂ ਜਿਵੇਂ ਅਲੀਬਖਸ਼, ਫਤਹਿ ਅਲੀ, ਮੁਹੰਮਦ ਹੁਸੈਨ, ਮੌਲਾ ਦੂਚਾ, ਅਹਿਮਦ ਬਖਸ਼, ਬੂਟੇ ਖਾਂ, ਨਾਥ ਰਾਮ, ਭਾਈ ਮੋਤੀ, ਸੰਤੂ, ਰੱਖਾ, ਮਸੀਰਾ, ਰੂਗ ਬੂੜ੍ਹਾ, ਬੜੇ ਗੁਲਾਮ ਅਲੀ ਖਾਂ, ਨਜ਼ਾਕਤ ਅਲੀ, ਸਲਾਮਤ ਅਲੀ ਆਦਿ ਨੇ ਆਪਣੀ ਕਲਾਤਮਕ ਪ੍ਰਤਿਭਾ ਨਾਲ ਸਾਰੇ ਦੇਸ਼ ਵਿਚ ਪੰਜਾਬ ਦਾ ਨਾਂ ਰੌਸ਼ਨ ਕੀਤਾ। ਇਸ ਤੋਂ ਬਿਨਾ ਪੰਜਾਬ ਵਿਚ ਸੁਆਮੀ ਹਰਿਵੱਲਭ ਗਿਰੀ ਅਜਿਹੇ ਸੰਗੀਤਕਾਰ ਹੋਏ ਹਨ ਜਿੰਨਾ ਨੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਤਨ ਮਨ ਧਨ ਨਾਲ ਸੇਵਾ ਕੀਤੀ। ਉਹਨਾਂ ਨੇ ਆਪਣੇ ਗੁਰੂ ਸੁਆਮੀ ਤੁਲਜਾਗਿਰ ਦੀ ਯਾਦ ਵਿਚ ਲਗਭਗ 127 ਸਾਲ ਪਹਿਲਾਂ ਤੋਂ ਜਲੰਧਰ ਸ਼ਹਿਰ ਵਿਖੇ ਸੰਗੀਤ ਸੰਮੇਲਨ ਅਰੰਭ ਕੀਤਾ ਅਤੇ ਅੱਜ ਇਹ ਸੰਮੇਲਨ ਬਾਬਾ ਹਰਿਵੱਲਭ ਸੰਗੀਤ ਸੰਮੇਲਨ ਦੇ ਨਾਂ ਨਾਲ ਸਾਰੇ ਭਾਰਤ ਵਿਚ ਪ੍ਰਸਿੱਧ ਹੈ। ਇਹ ਸੰਮੇਲਨ ਹਰ ਸਾਲ ਦਸੰਬਰ ਵਿਚ ਆਯੋਜਿਤ ਕੀਤਾ ਜਾਂਦਾ ਹੈ।

ਜਿਸ ਤਰ੍ਹਾਂ ਬਾਬਾ ਹਰਿਵੱਲਭ ਨੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਲਈ ਸੇਵਾ ਕੀਤੀ ਉਸੇ ਤਰ੍ਹਾਂ ਪਿੰਡ ਜਵੱਦੀ ਕਲਾਂ ਲੁਧਿਆਣਾ ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਅਸਲ ਰੂਪ ਨੂੰ ਮਰਿਯਾਦਾ ਅਨੁਸਾਰ ਗੁਰਬਾਣੀ ਸ਼ਬਦਾਂ ਨੂੰ ਨਿਰਧਾਰਿਤ ਰਾਗਾਂ ਵਿਚ ਗਾਇਨ ਕਰਨ ਦੀ ਪ੍ਰਥਾ ਨੂੰ ਕਾਇਮ ਰਖਣ ਦਾ ਸੰਕਲਪ ਕੀਤਾ ਸੀ। ਇਹਨਾਂ ਨੇ ਆਪਣੇ ਜੀਵਨ ਦੇ ਇਸ ਉਦੇਸ਼ ਦੀ ਪੂਰਤੀ ਲਈ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਾ ਅਰੰਭ 1991 ਵਿਚ ਕੀਤਾ। ਆਪਣੇ ਜੀਵਨ ਕਾਲ ਵਿਚ ਇਹ ਸੰਮੇਲਨ ਹਰ ਸਾਲ ਅਕਤੂਬਰ ਨਵੰਬਰ ਵਿਚ ਆਯੋਜਿਤ ਕਰਦੇ ਰਹੇ। ਇਹ ਸੰਮੇਲਨ ਨਾ ਕੇਵਲ ਸਾਰੇ ਦੇਸ਼ ਵਿਚ ਸਗੋਂ ਵਿਦੇਸ਼ਾਂ ਵਿਚ ਵੀ ਪ੍ਰਸਿੱਧ ਹੋ ਗਏ।

ਸੰਤ ਬਾਬਾ ਸੁੱਚਾ ਸਿੰਘ ਜੀ ਨਾਲ ਮੇਰਾ ਸੰਪਰਕ 1992 ਤੋਂ ਉਹਨਾਂ ਦੇ ਅੰਤਿਮ ਸਮੇਂ ਤਕ ਰਿਹਾ। ਉਹਨਾਂ ਦੇ ਅਸ਼ੀਰਵਾਦ ਸਦਕਾ ਦਾਸ ਨੇ ਹਰ ਸੇਵਾ ਆਪਣੀ ਪ੍ਰਤਿਭਾ ਅਨੁਸਾਰ ਨਿਭਾਉਣ ਦਾ ਯਤਨ ਕੀਤਾ। ਉਹ ਸੰਗੀਤ ਦੇ ਸਾਧਕ ਤਾਂ ਨਹੀਂ ਸਨ ਪਰ ਉਹਨਾਂ ਦੀ ਗੁਰਮਤਿ ਸੰਗੀਤ ਦੇ ਪ੍ਰਚਾਰ ਵਲ ਜੋ ਸ਼ਰਧਾ ਸੀ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਇਕ ਵਾਰ ਵਿਚਾਰ ਵਟਾਂਦਰਾ ਕਰਦੇ ਸਮੇਂ ਉਨ੍ਹਾਂ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 62 ਰਾਗਾਂ ਦੀ ਰੂਪ ਰੇਖਾ ਤਿਆਰ ਕੀਤੀ ਜਾਵੇ। ਅਤੇ ਹਰ ਸਾਲ ਰਾਗੀ ਸਿੰਘਾਂ ਤੋਂ ਇਸ ਅਨੁਸਾਰ ਹੀ ਕੀਰਤਨ ਕਰਵਾਇਆ ਜਾਵੇ। ਦਾਸ ਨੇ ਬਾਬਾ ਜੀ ਨੂੰ ਕਿਹਾ ਕਿ ਗੁਰਮਤਿ ਸੰਗੀਤ ਵਿਚ ਕਈ ਅਜਿਹੇ ਰਾਗ ਹਨ ਜਿੰਨ੍ਹਾਂ ਦਾ ਪ੍ਰਚਲਨ ਭਾਰਤੀ ਸੰਗੀਤ ਵਿਚ ਨਹੀਂ ਹੈ ਅਤ ਉਹਨਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ। ਤਾਂ ਬਾਬਾ ਜੀ ਨੇ ਕਿਹਾ ਕਿ ਇਸ ਕੰਮ ਨੂੰ ਨੇਪਰੇ ਚੜ੍ਹਾਉਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਮੇਰਾ ਸੰਕਲਪ ਅਧੂਰਾ ਰਹਿ ਜਾਵੇਗਾ। ਉਹਨਾਂ ਨੇ ਇਸ ਸਬੰਧੀ ਪ੍ਰਸਿੱਧ ਸੰਗੀਤਕਾਰਾਂ ਦੀ ਇਕ ਨਿਰਣਾਇਕ ਕਮੇਟੀ ਬਣਾਈ ਤੇ ਇਸ ਕੰਮ ਨੂੰ ਸੰਪੂਰਨ ਕੀਤਾ ਗਿਆ। 1991 ਵਿਚ ਇਸ ਕਮੇਟੀ ਦੀ ਅਗਵਾਈ ਭਾਰਤ ਦੇ ਪ੍ਰਸਿੱਧ ਪੰਜਾਬੀ ਮਹਾਨ ਸੰਗੀਤਕਾਰ ਪੰਡਿਤ ਦਲੀਪ ਚੰਦਰ ਬੇਦੀ ਜੀ ਨੇ ਕੀਤੀ। ਅੱਜ ਤਕ ਇਹਨਾਂ ਰਾਗਾਂ ਦੇ ਸਰੂਪ ਅਨੁਸਾਰ ਹੀ ਰਾਗੀ ਜਥੇ ਕੀਰਤਨ ਕਰਦੇ ਆ ਰਹੇ ਹਨ।

ਬਾਬਾ ਜੀ ਅੱਜ ਸਾਡੇ ਦਰਮਿਆਨ ਨਹੀਂ ਹਨ। ਪਰ ਜੋ ਕੰਮ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਉਹਨਾਂ ਨੇ ਕੀਤਾ ਉਹ ਅੱਜ ਤਕ ਕਿਸੇ ਵਿਅਕਤੀ ਅਤੇ ਸੰਸਥਾ ਨੇ ਨਹੀਂ ਕੀਤਾ। ਉਹਨਾਂ ਨੇ ਜਵੱਦੀ ਦੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਨੂੰ ਇਕ ਟਕਸਾਲ ਦਾ ਰੂਪ ਦਿੱਤਾ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਨਾ ਕੇਵਲ ਜਵੱਦੀ ਵਿਖੇ ਕਰਵਾਏ ਗਏ ਸਗੋਂ ਸਚਖੰਡ ਨੰਦੇੜ ਅਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਵੀ ਕਰਵਾ ਕੇ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਦਾ ਪ੍ਰਚਾਰ ਕੀਤਾ। ਇਹਨਾਂ ਸੰਮੇਲਨਾਂ ਨੂੰ ਉਚ ਸਿਖਰਾਂ ਤਕ ਪਹੁੰਚਾਣ ਦਾ ਕੰਮ ਇਹਨਾਂ ਦੇ ਸਹਿਯੋਗੀ ਬੀਬੀ ਜਸਬੀਰ ਕੌਰ ਖਾਲਸਾ ਨੇ ਕੀਤਾ।

ਉਹਨਾਂ ਦੀ ਨਿੱਘੀ ਯਾਦ ਸਾਡੇ ਸਾਰਿਆਂ ਦੇ ਦਿਲਾਂ ਵਿਚ ਸਦਾ ਰਹੇਗੀ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਉਹਨਾਂ ਦਾ ਨਾਂ ਸਦਾ ਲਈ ਅਮਰ ਰਹੇਗਾ।

# ਜਿਨ੍ਹਾਂ ਦਿੱਸਦਿਆਂ ਦੁਰਮਤਿ ਵੰਞੈ – ਮਿਤ੍ਰ ਅਸਾਡੜੇ ਸੇਈ


**ਪ੍ਰਿੰਸੀਪਲ ਬਲਦੇਵ ਸਿੰਘ**

ਸੰਗੀਤ ਭਵਨ, ਸੁੰਦਰ ਨਗਰ
ਕੋਟ ਖ਼ਾਲਸਾ, ਅੰਮ੍ਰਿਤਸਰ


ਤਰੀਕ ਤਾਂ ਮੈਨੂੰ ਯਾਦ ਨਹੀਂ, ਅਚਾਨਕ ਇਕ ਦਿਨ ਫੋਨ ਆਇਆ ਤੇ ਸਾਬਕਾ ਹਜ਼ੂਰੀ ਰਾਗੀ ਭਾ: ਬਲਬੀਰ ਸਿੰਘ ਜੀ ਨੇ ਫੋਨ ਤੇ ਕਿਹਾ ਕਿ ਕਿਸੇ ਬਹੁਤ ਜ਼ਰੂਰੀ ਕੰਮ ਲਈ ਆਪ ਜੀ ਨੂੰ ਮਿਲਣ ਵਾਸਤੇ ਆ ਰਹੇ ਹਾਂ। ਲਗਭਗ ਇਕ ਘੰਟੇ ਬਾਅਦ ਭਾਈ ਸਾਹਿਬ ਆਏ, ਤੇ ਉਹਨਾਂ ਆਪਣੇ ਆਉਣ ਦਾ ਮੰਤਵ ਦੱਸਿਆ। ਇਹ ਇਕ ਮਹਾਂਪੁਰਖ ਸੰਤ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਨੇ ਇਹ ਸ਼ੁਭ ਕਾਰਜ ਅਰੰਭਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖ 31 ਰਾਗਾਂ ਦਾ ਗੁਰਮਤਿ ਸੰਗੀਤ ਦਰਬਾਰ ਗਾਇਣ ਕਰਨ ਲਈ ਪ੍ਰਸਿੱਧ ਕੀਰਤਨੀਆਂ ਨੂੰ ਬੁਲਾਇਆ ਜਾਇ। ਤੇ ਤੁਸੀਂ ਆਪਣੀ ਪ੍ਰਵਾਨਗੀ ਦਿਉ। ਦਾਸ ਸਮੇਤ ਲਿਖਤੀ ਪ੍ਰਵਾਨਗੀ ਦੇ ਦਿੱਤੀ। ਇਕ ਦਿਨ ਫਿਰ ਲੁਧਿਆਣੇ ਤੋਂ ਫੋਨ ਆਇਆ, ਜਿਸਦੇ ਮੁਤਾਬਕ ਮੈਂ ਲੁਧਿਆਣੇ ਪਹੁੰਚਿਆ। ਜਵੱਦੀ ਗੁਰਦੁਆਰਾ ਪਹੁੰਚ ਕੇ ਜਦੋ ਸੰਤਾਂ ਦੇ ਸੰਗੀਆਂ ਨਾਲ ਮਿਲਾਪ ਹੋਇਆ, ਬਹੁਤ ਮਿੱਠ ਬੋਲੜੇ ਸੇਵਾ ਭਾਵ ਵਾਲੇ ਅਤੇ ਕੀਰਤਨੀਆਂ ਦਾ ਸਤਿਕਾਰ ਕਰਨ ਵਾਲੇ ਸਾਰੇ ਗੁਰਸਿੱਖ ਮਿਲੇ। ਮੈਨੂੰ ਕਮਰੇ ਵਿਚ ਬਿਠਾ ਦਿੱਤਾ ਗਿਆ, ਤੇ ਮੈਂ ਸੰਤਾਂ ਦੇ ਇੰਤਜ਼ਾਰ ਵਿਚ ਬੈਠਾ ਸੋਚ ਰਿਹਾ ਸੀ ਕਿ ਕੈਸੀ ਸ਼ਖਸੀਅਤ ਹੋਵੇਗੀ। ਪੰਦਰਾਂ ਮਿੰਟਾਂ ਬਾਅਦ ਇਕ ਚੁਸਤ ਦਰੁਸਤ ਖਿੜੇ ਹੋਏ ਚਿਹਰੇ ਵਾਲੇ ਵਿਅਕਤੀ ਅੰਦਰ ਦਾਖਲ ਹੋਏ, ਉਚੀ ਅਵਾਜ਼ ਨਾਲ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਸਤਿਕਾਰ ਵਿਚ ਖੜ੍ਹੇ ਹੋ ਕੇ ਮੈਂ ਵੀ ਫਤਹਿ ਦਾ ਉਤਰ ਦਿੱਤਾ। ਵਿਚਾਰ ਵਿਟਾਂਦਰੇ ਦੌਰਾਨ ਉਹਨਾਂ ਦੀ ਸ਼ਰਧਾ, ਤੜਪ ਅਤੇ ਕੁਛ ਕਰਨ ਗੁਜ਼ਰਨ ਦਾ ਉਮਾਹਾ ਉਹਨਾਂ ਦੇ ਬਚਨਾਂ ਤੇ ਬੋਲਾਂ ਤੋਂ ਦ੍ਰਿੜਤਾ ਨਾਲ ਪ੍ਰਗਟ ਹੋ ਰਿਹਾ ਸੀ। ਪ੍ਰੋਗਰਾਮ ਦੇ ਮੁਤਾਬਕ ਲੁਧਿਆਣੇ ਪਹੁੰਚੇ, ਤੇ ਸੰਗਤਾਂ ਦਾ ਅਥਾਹ ਪ੍ਰਵਾਹ ਵੱਡੀ ਗਿਣਤੀ ਵਿਚ ਦੇਖ ਕੇ ਮੰਨ ਹੀ ਮੰਨ ਵਿਚ ਹੈਰਾਨ ਹੋ ਰਹੇ ਸਾਂ ਕਿ ਇੰਨਾ ਵੱਡਾ ਇਕੱਠ ਕਦੀ ਨਹੀਂ ਦੇਖਿਆ। ਮਿਲਟਰੀ ਕੋਲੋਂ ਅੰਦਾਜ਼ਾਂ ਲਗਵਾਇਆ ਗਿਆ ਕਿ ਲਗਭਗ 5 ਲੱਖ ਲੋਕ ਇਸ ਸੰਗੀਤ ਸੰਮੇਲਨ ਵਿਚ ਸ਼ਾਮਲ ਹੋਏ। ਪੰਡਾਲ ਅੰਦਰ ਦਾਖਲ ਹੋ ਕੇ ਗੁਰੂ ਗ੍ਰੰਥ ਸਾਹਿਬ ਤਕ ਪਹੁੰਚਦਿਆਂ ਹੀ ਇਕ ਘੰਟਾ ਲਗਦਾ ਸੀ ਅਤੇ ਚਾਰ ਜਥੇ ਬਦਲ ਜਾਂਦੇ ਸਨ। ਮੈਂ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਘਰ ਵਿਚ ਵਿਆਹ ਸ਼ਾਦੀ ਹੋਵੇ ਤਾਂ ਸਾਰੇ ਪਰਿਵਾਰ ਦੇ ਚਿਹਰਿਆਂ ਤੇ ਫਿਕਰ ਅਤੇ ਭੱਜਨਸ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਪਰ ਇਹ ਹਜ਼ਾਰਾਂ ਵਿਆਹਾਂ ਤੋਂ ਵੀ ਵੱਡਾ ਇਕੱਠ ਅਤੇ ਤੁਹਾਡਾ ਖਿੜਿਆ ਹੋਇਆ ਚੇਹਰਾ ਚਿੰਤਾ ਫਿਕਰ ਤੋਂ ਰਹਿਤ ਸੀ। ਇਉਂ ਲਗਦਾ ਹੈ ਕਿ ਜਿਵੇਂ ਤੁਸੀਂ ਖੁਦ ਵੀ ਪ੍ਰਾਹੁਣਿਆਂ ਦੀ ਤਰ੍ਹਾਂ ਬਾਹਰੋਂ ਆਏ ਹੋਵੋ। ਤਾਂ ਹਸ ਕੇ ਉਤਰ ਦਿੱਤਾ ਕਿ ਰੋਜ਼ ਅਰਦਾਸ ਵਿਚ ਬੇਨਤੀ ਕਰਦੇ ਹਾਂ ਕਿ ਕਲਾ ਆਪ ਜੀ ਦੀ ਵਰਤੇ, ਤੇ ਅੱਜ ਤੁਸੀਂ ਸਾਹਮਣੇ ਦੇਖ ਰਹੇ ਹੋ ਕਿ ਗੁਰੂ ਦੀ ਕਲਾ ਵਰਤ ਰਹੀ ਹੈ। ਗੁਰੂ ਤੇ ਐਸਾ ਵਿਸ਼ਵਾਸ ਉਹਨਾਂ ਦਾ ਦੇਖ ਕੇ ਤੇ ਆਪਣੇ ਆਪ ਪ੍ਰਗਟ ਹੁੰਦਾ ਸੀ। ਇਹ ਸ਼ਖਸ਼ੀਅਤ ਕੌਮ ਵਿਚ ਬਹੁਤ ਵੱਡਾ ਕਾਰਜ਼ ਉਹ ਕਰਨਗੇ ਜਿਹੜਾ ਹੁਣ ਤਕ ਨਹੀਂ ਸੀ ਹੋਇਆ।

ਦੂਸਰਾ ਪ੍ਰਸ਼ਨ ਮੈਂ ਕੀਤਾ ਉਹਨਾਂ ਤੇ ਕਿ ਸਾਰੇ ਕਠਨ ਤੇ ਅਪ੍ਰਚਲਿਤ ਰਾਗ ਆਪ ਜੀ ਮੇਰੇ ਕੋਲੋਂ ਗਾਇਨ ਕਰਵਾ ਰਹੇ ਹੋ, ਤਾਂ ਮੇਰੀ ਪਿੱਠ ਤੇ ਥਾਪੜਾ ਦੇ ਕੇ ਬੜੇ ਗੰਭੀਰ ਹੋ ਕੇ ਕਹਿਣ ਲਗੇ ਕਿ ਬਲਦੇਵ ਸਿੰਘ ਰੋਜ਼ ਰੋਜ਼ ਨਹੀਂ ਜੰਮਦੇ। ਅਸੀਂ ਇਹ ਦਸਣਾ ਚਾਹੁੰਦੇ ਹਾਂ ਕਿ ਸਾਡੇ ਪਾਸ ਐਸੇ ਗੰਧਰਵ ਰਾਗੀ ਵੀ ਹਨ। ਐਸੇ ਮਹਾਨ ਸਿਮਰਨ ਸੇਵਾ ਦੇ ਪੰਜ ਔਰ ਅਦੁੱਤੀ ਕੀਰਤਨ ਦਰਬਾਰ ਦੇ ਜਨਮ ਦਾਤਾ ਆਪਣੇ ਵਿਲੱਖਣਤਾ ਵਾਲੀ ਸ਼ਖਸ਼ੀਅਤ ਦੇ ਮਾਲਕ ਸਨ ਸੰਤ ਬਾਬਾ ਸੁੱਚਾ ਸਿੰਘ ਜੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾ ਲੁਧਿਆਣਾ। ■

*ਮੁਖ ਕੀ ਬਾਤ ਸਗਲ ਸਿਉ ਕਰਤਾ। ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥*

ਮਹਾਂਵਾਕ ਬ੍ਰਹਮ ਗਿਆਨੀ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਸਚਖੰਡ ਗਮਨ ਦੀ ਖ਼ਬਰ ਸੁਣਦਿਆਂ ਸਾਰ ਹੀ ਮਨ ਇਕ ਅਕਹਿ ਅਵਸਥਾ ਵਿਚ ਪਹੁੰਚ ਗਿਆ। ਦਸੰਬਰ 1996 ਵਿਚ ਮੇਰੇ ਵਰਗੇ ਜਗਿਆਸੂ ਨੂੰ 'ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ॥' ਦਾ ਪ੍ਰਤੱਖ ਵਰਤਾਰਾ ਵਰਤਾਇਆ। ਕਈ ਹੋਰਨਾਂ ਨੇ ਵੀ ਐਸੀਆਂ ਬਰਕਤਾਂ ਲਈਆਂ ਹੋਣਗੀਆਂ।

*- ਗਿਆਨੀ ਗੁਰਦੇਵ ਸਿੰਘ ਆਸਟ੍ਰੇਲੀਆ*

# ਗੁਰਮਤਿ ਸੰਗੀਤ ਸੰਮੇਲਨ ਦਾ ਆਰੰਭ ਕਿਵੇਂ ਹੋਇਆ?


**ਪ੍ਰੋ. ਪਰਮਜੋਤ ਸਿੰਘ**

ਪੰਜਾਬ ਸਿੰਘ ਬੈਂਕ ਕੀਰਤਨ
ਆਰਕਲੀਨਜ਼, ਗਰੀਨ ਪਾਰਕ, ਜਲੰਧਰ


ਇਹ ਇਕ ਇਤਫਾਕ ਹੀ ਸੀ ਕਿ ਮੈਂ ਫਰਵਰੀ 1991 ਵਿਚ ਇਕ ਦਿਨ ਘਰੋਂ ਤਿਆਰ ਹੋ ਕੇ ਚੌਕੀਮਾਨ (ਪੰਜਾਬ ਐਂਡ ਸਿੰਧ ਬੈਂਕ) ਜਾਣ ਲਈ ਨਿਕਲਿਆ ਤਾਂ ਮੁੱਲਾਂਪੁਰ ਬੱਸ-ਸਟਾਪ 'ਤੇ ਮੇਰੀ ਮੁਲਾਕਾਤ ਇਕ ਬੜੇ ਸੱਜਰੇ-ਸੰਵਰੇ ਗੁਰਮੁਖ ਪਿਆਰੇ ਭਾਈ ਸੂਰਤ ਸਿੰਘ ਨਾਲ ਹੋਈ। ਉਹ ਹਲਵਾਰੇ ਤੋਂ ਆਏ ਸਨ ਤੇ ਲੁਧਿਆਣੇ ਜਾ ਰਹੇ ਸਨ। ਪੁੱਛਣ 'ਤੇ ਪਤਾ ਲੱਗਾ ਕਿ ਉਹ ਜਵੱਦੀ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨ ਜਾ ਰਹੇ ਸਨ, ਜੋ ਹਰ ਮਹੀਨੇ ਦੀ ਦਸਮੀ ਨੂੰ ਹੁੰਦਾ ਹੈ। ਉਨ੍ਹਾਂ ਮੈਨੂੰ ਵੀ ਇਸ ਸਥਾਨ 'ਤੇ ਪੁੱਜਣ ਲਈ ਪ੍ਰੇਰਿਆ ਅਤੇ ਦੱਸਿਆ ਕਿ ਉਥੇ ਬਾਬਾ ਸੁੱਚਾ ਸਿੰਘ ਜੀ ਜੋ ਇਸ ਸਥਾਨ ਦੇ ਸੰਚਾਲਕ ਹਨ, ਕੀਰਤਨ ਦੇ ਬਹੁਤ ਰਸੀਏ ਹਨ ਤੇ ਹਰ ਦਸਮੀਂ ਤੇ ਰਾਗੀ ਸਿੰਘਾਂ ਨੂੰ ਬੁਲਾ ਕੇ ਮਾਣ-ਸਤਿਕਾਰ ਬਖ਼ਸ਼ਦੇ ਹਨ। ਕੀਰਤਨ ਸਮਾਗਮ ਸਾਰਾ ਦਿਨ ਚਲਦਾ ਹੈ ਤੇ ਸੰਗਤਾਂ ਦੂਰ-ਦੂਰਾਡਿਓ ਪਹੁੰਚ ਕੇ ਕੀਰਤਨ ਦਾ ਰਸ ਮਾਣਦੀਆਂ ਹਨ। ਉਨ੍ਹਾਂ ਨੇ ਬਾਬਾ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ ਬਾਰੇ ਵੀ ਢੰਗ ਨਾਲ ਦਰਸਾਇਆ ਕਿ ਮੇਰੇ ਮਨ ਵਿਚ ਵੀ ਮਿਲਣ ਦੀ ਉਤਸੁਕਤਾ ਜਾਗੀ। ਉਹ ਮੇਰੀ ਰਾਗ ਰੁਚੀ ਪ੍ਰਤਿ ਅਤੇ ਭਾਈ ਸੁਮੰਦ ਸਿੰਘ ਦੁਆਰਾ ਵਿਰਸੇ ਵਿਚੋਂ ਪ੍ਰਾਪਤ ਹੋਈ ਕੀਰਤਨ ਸ਼ੈਲੀ ਪ੍ਰਤੀ ਪਹਿਲਾਂ ਹੀ ਵਾਕਫ ਸਨ। ਉਨ੍ਹਾਂ ਨੇ ਬਾਬਾ ਜੀ ਨੂੰ ਵੀ ਮੇਰੀ ਦੱਸ ਪਾਈ। ਸੁਭਾਵਕ ਵਸ ਬਾਬਾ ਜੀ ਨੇ ਮਿਲਾਉਣ ਲਈ ਕਿਹਾ।

ਫਿਰ ਇਕ ਦਿਨ ਭਾਈ ਸੂਰਤਿ ਸਿੰਘ ਬਾਬਾ ਜੀ ਦਾ ਹੁਕਮ ਲੈ ਕੇ ਮੇਰੇ ਗ੍ਰਹਿ ਸਵਰ-ਸੁਮੰਦ ਪੁੱਛ-ਪੁਛਾ ਕੇ ਪੁੱਜ ਗਏ। ਉਨ੍ਹਾਂ ਮੈਨੂੰ ਸੁਨੇਹਾ ਦਿੱਤਾ ਤੇ ਮੈਂ ਇਕਰਾਰ ਕੀਤਾ ਕਿ ਜਲਦੀ ਹੀ ਬਾਬਾ ਜੀ ਦੇ ਦਰਸ਼ਨ ਕਰਾਂਗਾ। ਮੈਂ ਇਕ ਦਿਨ ਮਨ ਵਿਚ ਮਿਲਣ ਦੀ ਤਾਂਘ ਲੈ ਕੇ ਜਵੱਦੀ ਪੁੱਜਿਆ। ਉਥੇ ਜਾ ਕੇ ਪੁੱਛਿਆ ਤਾਂ ਪਤਾ ਲੱਗਾ ਕਿ ਬਾਬਾ ਜੀ ਕਿਸੇ ਪ੍ਰੇਮੀ ਦੇ ਘਰ ਸਰਾਭਾ ਨਗਰ ਵਿਖੇ ਗਏ ਹੋਏ ਹਨ। ਸੇਵਾਦਾਰ ਨੇ ਉਥੇ ਦਾ ਥਹੁ ਪਤਾ ਦੱਸ ਕੇ ਮੈਨੂੰ ਉਨ੍ਹਾਂ ਦੇ ਘਰ ਭੇਜ ਦਿੱਤਾ। ਅੰਦਰ ਕੋਈ ਲੰਮੀਆਂ ਵਿਚਾਰਾਂ ਚਲ ਰਹੀਆਂ ਸਨ। ਮੈਂ ਅੰਦਰ ਇਕ ਕਾਗਜ਼ ਤੇ ਆਪਣਾ ਨਾਮ ਤੇ ਪ੍ਰਯੋਜਨ ਲਿਖ ਕੇ ਭੇਜ ਦਿੱਤਾ। ਬਾਬਾ ਜੀ ਨੇ ਮੈਨੂੰ ਤੁਰੰਤ ਅੰਦਰ ਬੁਲਾ ਲਿਆ। ਬਾਬਾ ਜੀ ਪਹਿਲੀ ਵਾਰ ਹੀ ਮੈਨੂੰ ਪਿਆਰ ਦੇ ਨਾਲ ਮਿਲੇ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਭਾਈ ਸੂਰਤ ਸਿੰਘ ਜੀ ਨੇ ਮੇਰੇ ਬਾਰੇ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਹੋਵੇ। ਬਾਬਾ ਜੀ ਨੇ ਉਥੇ ਬੈਠਿਆਂ ਹੀ ਇਹ ਇੱਛਾ ਪ੍ਰਗਟਾਈ ਕਿ ਅਸੀਂ ਗੁਰੂ ਨਾਨਕ ਜੀ ਦੁਆਰਾ ਆਰੰਭੀ ਸੰਗੀਤ-ਪੱਧਤੀ ਅਨੁਸਾਰ ਇਕ ਪ੍ਰਾਜੈਕਟ ਆਰੰਭਣਾ ਚਾਹੁੰਦੇ ਹਾਂ, ਤੁਸੀਂ ਆਪਣੀ ਸੇਵਾ ਕੌਮ ਪ੍ਰਤੀ ਸਮਰਪਿਤ ਕਰੋ। ਮੈਂ ਉਨ੍ਹਾਂ ਦੀਆਂ ਅੰਤ੍ਰੀਵ ਭਾਵਨਾਵਾਂ ਨੂੰ ਭਾਂਪਿਆ ਤੇ ਉਨ੍ਹਾਂ ਦਾ ਹੁਕਮ ਸਿਰ-ਮੱਥੇ ਪ੍ਰਵਾਨ ਕੀਤਾ।

ਇਕ ਘੰਟੇ ਦੀ ਮਿਲਣੀ ਤੋਂ ਬਾਅਦ ਮੈਂ ਘਰ ਵਾਪਸ ਆਉਣ ਦੀ ਆਗਿਆ ਮੰਗੀ। ਉਨ੍ਹਾਂ ਮੈਨੂੰ ਹਦਾਇਤ ਕੀਤੀ ਕਿ "ਕਿਸੇ ਦਿਨ ਜਵੱਦੀ ਵਿਖੇ ਲੰਮਾ ਸਮਾਂ ਕੱਢ ਕੇ ਆਓ ਮੈਂ ਤੁਹਾਡੀ ਗਾਇਨ-ਸ਼ੈਲੀ ਸੁਨਣਾ ਚਾਹੁੰਦਾ ਹਾਂ।" ਮੈਂ ਵਾਪਸ ਪਰਤਦੇ ਸਮੇਂ ਅਗਲੀ ਮੁਲਾਕਾਤ ਲਈ ਸਮਾਂ ਤੇ ਤਾਰੀਕ ਮਿਥ ਲਈ ਅਤੇ ਨੀਯਤ ਸਮੇਂ ਜਵੱਦੀ ਪੁੱਜ ਗਿਆ। ਬਾਬਾ ਜੀ ਆਪਣੇ ਸਥਾਨ 'ਤੇ ਨਹੀਂ ਸਨ। ਮੈਂ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਰਾਤ ਦੇ ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੁੱਜ ਗਿਆ। ਸੰਗਤਾਂ ਦੇ ਸਨਮੁਖ ਦੋ ਸ਼ਬਦਾਂ ਦਾ ਗਾਇਨ ਕੀਤਾ। ਇਤਨੇ ਵਿਚ ਬਾਬਾ ਜੀ, ਭਾਈ ਹਰਜਿੰਦਰ ਸਿੰਘ (ਸ੍ਰੀਨਗਰ ਵਾਲੇ) ਸਮੇਤ ਪੁੱਜੇ। ਭਾਈ ਬਲਬੀਰ ਸਿੰਘ (ਹਜ਼ੂਰੀ ਰਾਗੀ ਹਰਿਮੰਦਰ ਸਾਹਿਬ) ਪਹਿਲਾਂ ਹੀ ਉਥੇ ਠਹਿਰੇ ਹੋਏ ਸਨ। ਭਾਈ ਹਰੀ ਸਿੰਘ ਜੋ ਸ੍ਰ. ਗੁਰਬਖਸ਼ ਸਿੰਘ (ਘੜੀ ਸਾਜ਼ ਦੇ ਸ਼ਾਗਿਰਦ ਹਨ) ਵੀ ਉਥੇ ਹਾਜ਼ਰ ਸਨ। ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਚ ਜਦੋਂ ਰਾਤ ਦੇ ਕੀਰਤਨ ਦੀ ਸਮਾਪਤੀ ਹੋਈ ਤਾਂ ਉਸ ਉਪਰੰਤ ਸਾਡੇ ਸਾਰਿਆਂ ਦੀ ਬੈਠਕ ਸੱਜ ਗਈ। ਰਾਗਾਂ, ਰਾਗਣੀਆਂ, ਗੀਤਾਂ ਤੇ ਕੀਰਤਨ-ਪੱਧਤੀਆਂ ਪ੍ਰਤੀ ਵਿਚਾਰਾਂ ਆਰੰਭ ਹੋ ਗਈਆਂ। ਇਹ ਬੈਠਕ ਰਾਤ ਦੇ ਬਾਰਾਂ ਵਜੇ ਸਮਾਪਤ ਹੋਈ, ਜਿਸ ਵਿਚ ਸੰਮੇਲਨ ਕਰਵਾਉਣ ਦਾ ਫੈਸਲਾ ਹੋਇਆ। ਇਸ ਤੋਂ ਤੁਰੰਤ ਬਾਅਦ ਬਾਬਾ ਜੀ ਨੇ ਦਾਸ ਨੂੰ ਭਾਈ ਬਲਬੀਰ ਸਿੰਘ ਜੀ ਨੂੰ, ਭਾਈ ਜਸਬੀਰ ਸਿੰਘ (ਜੋ ਗੁਰਦੁਆਰਾ ਸਾਹਿਬ ਦੇ ਮੈਨੇਜਰ ਹੈ), ਸਮੇਤ ਦਿੱਲੀ ਜਾਣ ਦੀ ਸੇਵਾ ਲਾਈ। ਦਿੱਲੀ ਜਾਣ ਦਾ ਮਨੋਰਥ ਪ੍ਰਸਿੱਧ ਰਾਗੀਆਂ, ਸੰਗੀਤਕਾਰਾਂ ਨਾਲ ਸੰਪਰਕ ਕਰਨਾ ਤੇ ਰਾਗਾਂ-ਬੰਦਸ਼ਾਂ ਤੇ ਪ੍ਰਯੋਜਨਾਂ ਬਾਰੇ ਇਕ ਰਾਇ ਬਨਾਉਣਾ ਸੀ। ਭੈਣ ਜਸਬੀਰ ਕੌਰ ਜੋ ਇਸ ਅਸਥਾਨ ਦੇ ਸਰਗਰਮ ਕਾਰਜ-ਕਰਤਾ ਹਨ ਅਤੇ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ, ਉਨ੍ਹਾਂ ਦਿੱਲੀ ਵਿਚ ਸਾਡੀ ਰਿਹਾਇਸ਼ ਦਾ ਤੇ ਆਣ-ਜਾਣ ਦਾ ਸਮੁੱਚਾ ਪ੍ਰਬੰਧ ਕਰਵਾ ਦਿੱਤਾ। ਅਸੀਂ

ਤਿੰਨੇ ਇਸ ਕਾਰਜ ਦੀ ਆਰੰਭਤਾ ਲਈ ਦਿੱਲੀ ਰਵਾਨਾ ਹੋਏ। ਉਥੇ ਅਸੀਂ ਸ੍ਰ. ਦਯਾ ਸਿੰਘ ਤੇ ਸ੍ਰ. ਹਰਵਿੰਦਰ ਸਿੰਘ ਜੀ ਦੇ ਘਰ ਠਹਿਰੇ। ਇਨ੍ਹਾਂ ਸੱਜਣਾਂ ਨੇ ਸਾਨੂੰ ਘਰ ਵਾਂਗੂ ਸੁਖ-ਆਰਾਮ ਦਿੱਤਾ ਤੇ ਸਾਡੇ ਇਸ ਕਾਰਜ ਵਿਚ ਬੜੀ ਸ਼ਰਧਾ ਨਾਲ ਸੇਵਾ ਕੀਤੀ। ਅਸੀਂ ਤਕਰੀਬਨ ਇਕ ਹਫ਼ਤਾ ਠਹਿਰੇ। ਇਸ ਸਮੇਂ ਦੌਰਾਨ ਅਸੀਂ ਡਾ. ਪੈਟਲ, ਸਿੰਘ ਬੰਧੂ ਤੇ ਦਲੀਪ ਚੰਦਰ ਬੇਦੀ ਜੀ ਆਦਿ ਨਾਲ ਲੰਬੀਆਂ ਮੁਲਾਕਾਤਾਂ ਕੀਤੀਆਂ। ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਇਨ੍ਹਾਂ ਸਭ ਗਾਇਕਾਂ ਦਾ ਹੁੰਗਾਰਾ ਹਾਂ-ਪੱਖੀ ਸੀ। ਸਭ ਨੇ ਇਸ ਕਾਰਜ ਲਈ ਪੂਰਨ ਸਹਿਯੋਗ ਦਿੱਤਾ। ਪੂਰੇ ਸਪਤਾਹ ਦੌਰਾਨ ਮੈਂ ਦਿਨ ਭਰ ਦੀ ਕਾਰਵਾਈ ਦੀ ਰਿਪੋਰਟ ਸ਼ਾਮ ਨੂੰ ਫੋਨ ਰਾਹੀਂ ਭੈਣ ਜਸਬੀਰ ਕੌਰ ਨੂੰ ਦਿੱਤੀ। ਇਸ ਸਬੰਧੀ ਸੰਪੂਰਨ ਲਿਖਤੀ ਰਿਪੋਰਟ ਮੈਂ ਵਾਪਸੀ 'ਤੇ ਬਾਬਾ ਜੀ ਨੂੰ ਸੌਂਪੀ ਤੇ ਕਿਹਾ ਕਿ ਮੈਨੂੰ ਆਸ ਹੈ ਕਿ ਇਸ ਸੰਮੇਲਨ ਨੂੰ ਸਿੱਖ ਸੰਗਤਾਂ ਜ਼ਰੂਰ ਪ੍ਰਵਾਨ ਚੜ੍ਹਾਉਣਗੀਆਂ। ਬਾਬਾ ਜੀ ਜਿਉਂ-ਜਿਉਂ ਰਿਪੋਰਟ ਪੜ੍ਹਦੇ ਗਏ, ਤਿਉਂ-ਤਿਉਂ ਮਨ ਹੀ ਮਨ ਇਸ ਸੰਮੇਲਨ ਪ੍ਰਤੀ ਯੋਜਨਾਵਾਂ ਉਲੀਕਦੇ ਗਏ। ਉਨ੍ਹਾਂ ਜਦੋਂ ਆਪਣੀਆ ਵਿਚਾਰਾਂ ਸਾਡੇ ਨਾਲ ਸਾਂਝੀਆਂ ਕੀਤੀਆਂ ਤਾਂ ਪ੍ਰਤੀਤ ਹੁੰਦਾ ਸੀ ਕਿ ਉਹ ਇਸ ਕਾਰਜ ਦੀ ਸਫਲਤਾ ਲਈ ਬਹੁਤ ਆਸਵੰਦ ਹਨ। ਉਨ੍ਹਾਂ ਇਸ ਕਾਰਜ ਦੀ ਆਰੰਭਤਾ ਲਈ ਅਨੇਕਾਂ ਵਾਰ ਅਕਾਲ-ਪੁਰਖ ਦੀਆਂ ਰਹਿਮਤਾਂ ਹਾਸਲ ਕਰਨ ਲਈ ਅਰਦਾਸਾਂ ਕੀਤੀਆਂ। ਉਥੇ ਹੀ ਬੈਠ ਕੇ ਸੰਮੇਲਨ ਦੀਆਂ ਤਾਰੀਖਾਂ ਮਿਥੀਆਂ ਗਈਆਂ। ਕੰਮ ਆਰੰਭ ਹੋ ਗਿਆ। ਉਸ ਤੋਂ ਪਿੱਛੋਂ ਬਾਬਾ ਜੀ ਨੇ ਮੈਨੂੰ ਹੁਕਮ ਕੀਤਾ ਕਿ ਅੰਮ੍ਰਿਤਸਰ ਤੋਂ ਭਾਈ ਬਲਬੀਰ ਸਿੰਘ ਜੀ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਰਾਗੀਆਂ ਨਾਲ ਸੰਪਰਕ ਕਰੋ। ਮੈਂ ਰਾਤ ਭਾਈ ਬਲਬੀਰ ਸਿੰਘ ਜੀ ਦੇ ਘਰ ਠਹਿਰਿਆ ਇਸ ਕਾਰਜ ਦੀ ਸਫਲਤਾ ਲਈ ਵਿਉਂਤਾਂ ਬਣਾਈਆਂ। ਕਈ ਰਾਗੀਆਂ ਨਾਲ ਰਾਬਤਾ ਸਥਾਪਤ ਕੀਤਾ। ਸਭ ਦਾ ਸਹਿਯੋਗ ਹੌਸਲਾ ਵਧਾਊ ਸੀ। ਆਉਂਦੇ ਹਏ ਅਸੀਂ ਭਾਈ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ ਜੀ ਦੇ ਘਰ ਵੀ ਹੋ ਕੇ ਆਏ।

ਇਸ ਤੋਂ ਬਾਅਦ ਸੰਮੇਲਨ ਦੀਆਂ ਤਿਆਰੀਆਂ ਬੜੀ ਸਰਗਰਮੀ ਨਾਲ ਹੋਣ ਲੱਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਦੇ ਸਰੂਪ ਨੂੰ ਸਪਸ਼ਟਤਾ ਤੇ ਇਕਸਾਰਤਾ ਨਾਲ ਸੰਗੀਤਬੱਧ ਕਰਨ ਸਬੰਧੀ ਇਕ ਨਿਰਣਾਇਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਤੋਂ ਬਾਅਦ ਇਕ ਇਕ ਕਰਕੇ ਸਭ ਪ੍ਰਸਿੱਧ ਰਾਗੀ, ਸੰਗੀਤਕਾਰ, ਡਾਕਟਰ, ਪ੍ਰੋਫੈਸਰ ਜੁੜਦੇ ਗਏ ਤੇ ਇਹ ਕਾਫਲਾ ਕਿਸੇ ਮੰਜ਼ਿਲ 'ਤੇ ਪੁੱਜਣ ਲਈ ਵਧਦਾ ਗਿਆ। ਸਭ ਤੋਂ ਜਟਿਲ ਕੰਮ ਰਾਗ ਨਿਰਣਾਇਕ ਕਮੇਟੀ ਦਾ ਸੀ ਤਾਂ ਜੋ ਰਾਗਾਂ ਦੇ ਨਿਰਧਾਰਤ ਸਰੂਪਾਂ ਪ੍ਰਤੀ ਸਮੁੱਚੇ ਰਾਗੀ ਤੇ ਸੰਗੀਤਕਾਰ ਆਪਣੀ ਪ੍ਰਤੀਬੱਧਤਾ ਦਿਖਾਉਣ। ਸੋ ਇਸ ਕਰਕੇ ਇਸ ਕਮੇਟੀ ਦੀਆਂ ਮੀਟਿੰਗਾਂ ਲੁਧਿਆਣੇ ਤੇ ਦਿੱਲੀ ਨਿਰੰਤਰ ਚਲਦੀਆਂ ਰਹੀਆਂ। ਬੜੀਆਂ ਵਿਚਾਰਾਂ ਤੋਂ ਬਾਅਦ ਰਾਗਾਂ ਦੇ ਸਰੂਪ ਪ੍ਰਮਾਣਿਕ ਰੂਪ ਵਿਚ ਸਥਾਪਤ ਕੀਤੇ ਗਏ। ਉਨ੍ਹਾਂ ਸਰੂਪਾਂ ਤੇ ਅਧਾਰ 'ਤੇ ਗਾਇਕਾਂ ਨੂੰ ਰਾਗ ਦਿੱਤੇ ਗਏ ਤੇ ਹਦਾਇਤਾਂ ਭੇਜੀਆਂ ਗਈਆਂ ਕਿ ਉਹ ਆਪਣੀਆਂ ਹਾਜ਼ਰੀਆਂ ਇਸ ਸੰਮੇਲਨ ਵਿਚ ਭਰਨ। ਸਾਨੂੰ ਪਹਿਲਾਂ ਇਹ ਭੁਲੇਖਾ ਸੀ ਕਿ ਰਾਗੀ ਸਿੰਘ ਸ਼ਾਇਦ ਇਨ੍ਹਾਂ ਬੇਨਤੀਆਂ ਨੂੰ ਪ੍ਰਵਾਨ ਨਹੀਂ ਕਰਨਗੇ, ਪਰ ਰੱਬੀ ਰਹਿਮਤ ਦੀ ਰਿਮਝਿਮ ਅੰਮ੍ਰਿਤਧਾਰਾ ਸਭ ਤੇ ਬਰਸੀ। ਸਭ ਗਾਇਕਾਂ ਤੇ ਰਾਗੀਆਂ ਨੇ ਆਪਣੀਆਂ ਹਾਜ਼ਰੀਆਂ ਇਸ ਸੰਮੇਲਨ ਵਿਚ ਲਵਾਈਆਂ। ਪੰਜਾਬ ਦੇ ਪ੍ਰਸਿੱਧ ਸੰਗੀਤ ਸੰਮੇਲਨ ਬਾਬਾ ਹਰਬਲਭ ਸੰਗੀਤ ਸੰਮੇਲਨ ਦੀ ਝਲਕ ਆ ਰਹੀ ਸੀ ਅਤੇ ਜਿਸਦਾ ਆਨੰਦ ਕੁਝ ਕੁ ਕਲਾਕਾਰੀ ਰੁਚੀਆਂ ਦੇ ਧਾਰਨੀ ਸੰਗੀਤ ਪ੍ਰੇਮੀ ਹੀ ਨਹੀਂ ਸਨ ਮਾਣ ਰਹੇ ਸਗੋਂ ਸਮੁੱਚੀਆਂ ਸਿੱਖ ਸੰਗਤਾਂ ਮਾਣ ਰਹੀਆਂ ਸਨ। ਸੰਗਤਾਂ ਦਾ ਅਰੋਕ ਅਥਾਹ ਕਈ ਲੱਖਾਂ ਦਾ ਸਮੁੰਦਰ ਜਵੱਦੀ ਵਿਖੇ ਠਾਠਾਂ ਮਾਰ ਰਿਹਾ ਸੀ। ਇਸ ਸਮਾਗਮ ਦਾ ਆਰੰਭਕ ਪ੍ਰਯਤਨ 'ਰਾਗ-ਰਾਗਨੀ ਮੰਗਲ ਗਾਇਆ' ਪ੍ਰਾਪਤੀ ਦੀਆਂ ਮੰਜ਼ਿਲਾਂ ਛੂਹ ਰਿਹਾ ਸੀ। ਇਸ ਸਮੁੱਚੇ ਕਾਰਜ ਦੀ ਸਫਲਤਾ ਦੀਆਂ ਧੁੰਮਾਂ ਦੇਸ਼-ਵਿਦੇਸ਼ ਮਹਿਕਾਂ ਖਿਲਾਰ ਗਈਆਂ। ਜਿਸ ਨੇ ਨਿੱਜੀ ਤੌਰ 'ਤੇ ਹਰ ਸੇਵਾਦਾਰ ਨੂੰ ਆਨੰਦ ਤੇ ਖ਼ੁਸ਼ੀ ਪ੍ਰਦਾਨ ਕੀਤੀ ਤੇ ਵਿਸ਼ੇਸ਼ ਤੌਰ 'ਤੇ ਬਾਬਾ ਜੀ ਨੂੰ ਅੱਗੋਂ ਅਜਿਹੇ ਕਾਰਜ ਹੋਰ ਕਰਨ ਲਈ ਮਨਾ ਲਿਆ। ਇਸ ਸੰਮੇਲਨ ਦੌਰਾਨ ਬਾਬਾ ਜੀ ਨੇ ਸੁਚੇਤ ਰੂਪ ਵਿਚ ਰਾਗੀਆਂ ਦੁਆਰਾ ਗਾਏ ਰਾਗਾਂ ਨੂੰ ਵੀਡਿਓ ਤੇ ਆਡਿਓ ਕੈਸੇਟਾਂ ਵਿਚ ਸੰਭਾਲਨ ਦਾ ਪ੍ਰਬੰਧ ਵੀ ਕਰ ਦਿੱਤਾ ਸੀ ਤਾਂ ਜੋ ਗੁਰਮਤਿ ਦਾ ਇਹ ਅਨਮੋਲ ਖ਼ਜ਼ਾਨਾ ਆਉਣ ਵਾਲੀਆਂ ਪੀੜ੍ਹੀਆਂ ਲਈ ਰਹਿਨੁਮਾਈ ਪ੍ਰਦਾਨ ਕਰ ਸਕੇ।

ਗੁਰਮਤਿ ਸੰਗੀਤ ਨੂੰ ਬੁਲੰਦੀਆਂ 'ਤੇ ਪਹੁੰਚਾਣ ਲਈ ਬਾਬਾ ਸੁੱਚਾ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਵਿਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ। ਬਾਬਾ ਜੀ ਜਿਥੇ ਕਲਾਤਮਿਕ ਰੁਚੀਆਂ ਰੱਖਦੇ ਸੀ ਉਥੇ ਸੁਯੋਗ ਪ੍ਰਬੰਧਕ ਵੀ ਸਨ। ਪੰਥ ਵਿਚ ਨਿਰਧਾਰਤ ਰਾਗ ਪਧਵੀ ਅਨੁਸਾਰ ਕੀਰਤਨ ਗਾਇਨ ਕਰਨ ਦੀ ਪਰੰਪਰਾ ਨੂੰ ਸ਼ੁਰੂ ਕਰਨ ਵਿਚ ਉਨ੍ਹਾਂ ਨੇ ਅਹਿਮ ਯੋਗਦਾਨ ਪਾਕੇ ਸ਼ੁਰੂ ਕੀਤੀ। ਦਾਸ ਦਾ ਨਿੱਜੀ ਤਜਰਬਾ ਹੈ ਕਿ 1991 ਤੋਂ ਪਹਿਲਾਂ ਅਸੀਂ ਵੀ ਪੂਰੇ ਦੇ ਪੂਰੇ 31 ਰਾਗਾਂ ਦੀ ਜਾਣਕਾਰੀ ਨਹੀਂ ਰੱਖਦੇ ਸੀ। ਉਨ੍ਹਾਂ ਵਲੋਂ ਅਰੰਭੇ ਉਦਮ ਕਰਕੇ ਹੀ ਅੱਜ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚ ਕੀਰਤਨ ਕਰਨ ਲਈ ਯਤਨਸ਼ੀਲ ਹਾਂ। ਅਕਾਲ ਪੁਰਖ ਕਿਰਪਾ ਕਰਨ ਅਸੀਂ ਬਾਬਾ ਸੁੱਚਾ ਸਿੰਘ ਜੀ ਵਲੋਂ ਅਰੰਭੇ ਕਾਰਜਾਂ ਨੂੰ ਅੱਗੇ ਚਲਾਉਣ ਲਈ ਜਵੱਦੀ ਟਕਸਾਲ ਨਾਲ ਮਿਲਕੇ ਇਕ ਪਲੇਟ ਫਾਰਮ ਥੱਲੇ ਇਕੱਠੇ ਹੋ ਕੇ ਕਾਰਜ ਕਰੀਏ। ਇਹੀ ਬਾਬਾ ਜੀ ਨੂੰ ਸਾਡੀ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੋਵੇਗੀ।

# ਜਵੱਦੀ ਟਕਸਾਲ ਇਕ ਪ੍ਰੀਚੈ

ਗੁਰਚਰਨ ਸਿੰਘ ਸੰਘਾ
ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ)

ਗੱਲ ੧੯੯੦ ਦੀ ਹੈ ਦੁਸਹਿਰੇ ਵਾਲੇ ਦਿਨ ਸਨ ਜਦ ਜਵੱਦੀ ਕਲਾਂ ਤੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 'ਤੇ ਪੁੱਜਣ ਲਈ ਸੱਦਾ ਪੱਤਰ ਮਿਲਿਆ ਸੀ। ਕੁਝ ਦਿਨ ਬਾਅਦ ਬਾਬਾ ਸੁੱਚਾ ਸਿੰਘ ਜੀ ਖੁਦ ਫੋਨ 'ਤੇ ਦਾਸ ਨੂੰ ਮੁਖਾਤਿਬ ਸਨ। ਆਖ ਰਹੇ ਸਨ- ਜ਼ਰੂਰ ਪੁੱਜਣਾ ਹੈ। ਸ੍ਰ. ਪ੍ਰਿੰ. ਸਤਬੀਰ ਸਿੰਘ ਜੀ ਹੋਰਾਂ ਵਲੋਂ ਵਿਸ਼ੇਸ਼ ਹਿਦਾਇਤ ਹੈ। ਸਟੇਜ ਦਾ ਪ੍ਰਬੰਧ ਵੀ ਆਪ ਨੇ ਕਰਨਾ ਹੈ, ਇਸ ਤੋਂ ਪਹਿਲੇ ਮੈਂ ਸੰਤਾਂ ਬਾਰੇ ਸੁਣਿਆ ਤਾਂ ਸੀ ਪਰ ਦਰਸ਼ਨ ਨਹੀਂ ਹੋਏ ਸਨ। ਸੋ ਜਲਦੀ ਹੀ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸਬਬ ਪ੍ਰਿੰ. ਸਾਹਿਬ ਹੋਰਾਂ ਵਲੋਂ ਬਣਿਆ ਸੀ। ਮੈਂ ਅਰਜ਼ ਕੀਤੀ ਕਿ ਨਾਂਦੇੜ ਵਿਖੇ ਦੁਸਹਿਰੇ ਦਾ ਨਗਰ ਕੀਰਤਨ ਇਕ ਦਿਨ ਪਹਿਲੇ ਨਿਸ਼ਚਿਤ ਹੈ ਤੇ ਲਗਭਗ ੫੦ ਹਜ਼ਾਰ ਪ੍ਰਾਣੀਆਂ ਦਾ ਸਾਰਾ ਪ੍ਰਬੰਧ ਵੀ ਅਸੀਂ ਹੀ ਕਰਨਾ ਹੈ। ਇਸ ਤਰ੍ਹਾਂ ਦੂਸਰੇ ਦਿਨ ਲੁਧਿਆਣੇ ਪੁੱਜਣਾ ਕਿਵੇਂ ਸੰਭਵ ਹੋ ਸਕਦਾ ਹੈ? ਅੱਗੇ ਬਾਬਾ ਜੀ ਦਾ ਉੱਤਰ ਸੀ, ਬਸ ਤਿਆਰ ਰਹੋ ਪ੍ਰਬੰਧ ਅਸੀਂ ਕਰਾਂਗੇ।

ਮੈਂ ਹੈਰਾਨ ਸਾਂ ਦੂਸਰੇ ਦਿਨ ਹੈਦਰਾਬਾਦ ਤੋਂ ਇਕ ਸੱਜਣ ਮੇਰੇ ਪਾਸ ਆਏ ਹਵਾਈ ਟਿਕਟ ਅਤੇ ਕੁਝ ਨਗਦੀ ਫੜਾ ਕੇ ਕਹਿਣ ਲੱਗੇ ੬:੦੦ ਵਜੇ ਟੈਕਸੀ ਲੈ ਲੈਣਾ ਲਗਭਗ ੧੨ ਵਜੇ ਦਿੱਲੀ ਪਹੁੰਚ ਜਾਉਗੇ ਉਥੋਂ ਟੈਕਸੀ ਲੈ ਕੇ ਲੁਧਿਆਣੇ ਪਹੁੰਚਣਾ। ਸੋ ਏਦਾ ਹੀ ਕੀਤਾ। ਪਹਿਲੀ ਮੁਲਾਕਾਤ ਅਤੇ ਨਵੇਕਲਾ ਸਟੇਜ ਮੇਰੇ ਲਈ ਇਕ ਨਵਾਂ ਅਨੁਭਵ ਸੀ। ਬਸ ਉਸ ਦਿਨ ਤੇ ਅੱਜ ਅਸੀਂ ਇਕ ਦੂਸਰੇ ਨੂੰ ਨਹੀਂ ਭੁੱਲੇ। ਸਮਕਾਲੀ ਹਮ ਸਫਰਾਂ ਵਿਚ ਬੀਬੀ ਜਸਬੀਰ ਕੌਰ ਖਾਲਸਾ ਅਤੇ ਸ੍ਰ. ਜਸਬੀਰ ਸਿੰਘ ਜੀ ਆਦਿ ਤੋਂ ਅੰਤ ਤੱਕ ਬਾਬਾ ਜੀ ਦੀ ਸੇਵਾਦਾਰੀ ਵਿਚ ਨਿਸ਼ਕਾਮ ਰਹੇ ਪਰ ਅਫਸੋਸ ਅੱਜ ਇਸ ਟਕਸਾਲ ਲਈ ਆਪ ਜੀ ਬੇਗਾਨੇ ਹੋ ਗਏ ਹਨ।

ਏਨਾ ਸਿਰੜੀ ਇਨਸਾਨ ਮੈਂ ਹੁਣ ਤੱਕ ਨਹੀਂ ਵੇਖਿਆ ਰਾਤ ਦੇ ਇਕ ਡੇਢ ਵਜੇ ਤੱਕ ਸੰਗਤ ਕਰਨੀ ਫਿਰ ਸਵੇਰੇ ੭:੦੦ ਵਜੇ ਬੂਹਾ ਖੁੱਲ੍ਹ ਜਾਣਾ ਆਪਣੀ ਟੀਮ ਤੇ ਏਨਾ ਵਿਸ਼ਵਾਸ ਕਿ ਸਿੱਧੀ ਹਦਾਇਤ ਇੰਜ ਕਰ ਦੇਣੀ ਇੰਜ ਹੋਣਾ ਚਾਹੀਦਾ ਹੈ ਆਦਿ ਆਦਿ। ਬਿਨਾਂ ਝਿਜਕ ਸਭ ਕੁਝ ਮੁਕੰਮਲ। ਅਕਾਦਮਿਕ ਗੁਣ ਮੈਂ ਇਸ ਤਰ੍ਹਾਂ ਦੇ ਕਿਸੇ ਹੋਰ ਬਾਬੇ ਵਿਚ ਨਹੀਂ ਵੇਖੇ।

੧੯੯੪ ਤੱਕ ਅਸਾਂ ਗੁਰਬਾਣੀ ਤੇ ਨਿਰਧਾਰਿਤ ਰਾਗਾਂ ਉਪਰ ਬਹੁਤ ਕੁਝ ਸੋਧ ਕਾਰਜ ਵਜੋਂ ਕਰ ਲਿਆ ਸੀ। ਦੇਸ਼-ਵਿਦੇਸ਼ ਦੇ ਲੋਕ ਹੈਰਾਨ ਸਨ ਏਨਾ ਵੱਡਾ ਕਾਰਜ ਮਾਮੂਲੀ ਜਿਹੀ ਸੰਸਥਾ ਨੇ ਕਿਵੇਂ ਕਰ ਲਿਆ? ਜਵੱਦੀ ਪਿੰਡ ਹੁਣ ਅੰਤਰਰਾਸ਼ਟਰੀ ਨਕਸ਼ੇ ਉਪਰ ਉਭਰ ਚੁੱਕਿਆ ਸੀ। ਸੰਤਾਂ ਨੇ ਦੂਸਰਾ ਸੁਪਨਾ ਲਿਆ ਅੱਗੇ ਇਕ ਵੱਡਾ ਹੰਭਲਾ ਮਾਰਦਿਆਂ ਅਸਾਂ ਨੇ ਵਿਸ਼ਵ ਸਿੱਖ ਸੰਮੇਲਨ ਕਰਨਾ ਹੈ। ਸੋ ਐਲਾਨ ਕਰ ਮਾਰਿਆ। ਦੁਨੀਆਂ ਨੇ ਬੜਾ ਸੁਆਗਤ ਕੀਤਾ। ਅਕਾਲੀ ਸਫਾਂ ਅਤੇ ਦੂਸਰੇ ਸੰਤ ਪੁਰਸ਼ਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਈ ਤਰ੍ਹਾਂ ਦੇ ਚਰਚੇ ਸ਼ੁਰੂ ਹੋਏ। ਅਖੀਰ ਇਹ ਸੰਮੇਲਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸੌਂਪਣਾ ਕਰ ਦਿੱਤਾ ਗਿਆ ਜੋ ੧੯੯੫ ਵਿਚ ਹੋਇਆ। ਅੰਮ੍ਰਿਤਸਰ ਵਿਚ ਇਸ ਸੰਮੇਲਨ ਦੌਰਾਨ ਮੰਜੀ ਸਾਹਿਬ ਵਿਖੇ ਅਦੁੱਤੀ ਸੰਮੇਲਨ ਵੀ ਹੋਇਆ ਅਤੇ ਸੰਤਾਂ ਨੂੰ ਇਸ ਵੱਡਮੁੱਲੀ ਦੇਣ ਦੇ ਬਦਲੇ ਚਾਂਦੀ ਦੀ ਸ਼ੀਲਡ ਨਾਲ ਸਨਮਾਨਿਆ ਗਿਆ।

੧੯੯੬ ਦਾ ਅਦੁੱਤੀ ਸੰਗੀਤ ਸੰਮੇਲਨ ਹਜ਼ੂਰ ਸਾਹਿਬ ਵਿਖੇ ਨਿਸ਼ਚਿਤ ਸੀ। ਬੜਾ ਨਾਮ ਕਮਾਇਆ ਪੰਜ ਦਿਨਾਂ ਦੇ ਸੰਮੇਲਨ ਵਿਚ ਸੰਤਾਂ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਲੋਂ ਪੰਜ ਸ਼ਸ਼ਤਰ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਸੰਤਾਂ ਨੂੰ ਕਿਡਨੀ ਦੀ ਪ੍ਰਾਬਲਮ ਉਸੇ ਸਾਲ ਸ਼ੁਰੂ ਹੋਈ ਪਰ ਆਪ ਨੇ ਕੋਈ ਪਰਵਾਹ ਨਾ ਕੀਤੀ। ਹਰ ਵੇਲੇ ਕੰਮ ਕੰਮ ਤੇ ਕੰਮ। ਨਾ ਰਾਤ ਰੈਨ ਨਾ ਦਿਨ। ਨਿਜ ਥਾਉਂ ਦੀ ਸਥਾਪਨਾ ਕਰਕੇ ਗੁਰੂ ਸਾਹਿਬ ਜੀ ਦੇ ਸਰੂਪ ਸਤਿਕਾਰ ਸੰਗਤਾਂ ਤੱਕ ਬਿਨਾਂ ਮੋਖ ਪਹੁੰਚਦੇ ਕਰਨ ਦਾ ਉਪਰਾਲਾ ਕੀਤਾ। ਕਈ ਇਕ ਸੈਮੀਨਾਰ ਕਰਵਾ ਮਾਰੇ ਸੰਤ ਸੰਮੇਲਨ ਕਰਵਾਏ ਰਾਗੀ ਸਿੰਘਾਂ ਨੂੰ ਸਨਮਾਨਿਆ ਅਤੇ ਰਾਗਾਂ ਸਬੰਧੀ ਸੋਧ ਕਾਰਜ ਅਰੰਭੇ।

ਸੰਗੀਤ ਅਕਾਦਮੀ ਦੀ ਸਥਾਪਨਾ ਕਰ ਯੂਨੀਵਰਸਿਟੀਆਂ ਦੇ ਕੇਂਦਰ ਜਵੱਦੀ ਲੈ ਆਂਦੇ, ਵਿਸਮਾਦ-ਨਾਦ ਪੱਤ੍ਰਿਕਾ ਦੀ ਪ੍ਰਕਾਸ਼ਨਾ ਸ਼ੁਰੂ ਕੀਤੀ। ਇਸ ਦੇ ਪਹਿਲੇ ਅੰਕ ਨੇ ਹੀ ਪੰਥਕ ਸਫਾਂ ਵਿਚ ਹਲਚਲ ਪੈਦਾ ਕੀਤੀ। ਮੁਆਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੱਕ ਪੁੱਜਾ ਕੱਟੜਵਾਦੀ ਅਤੇ ਉਸਾਰੂ ਸੋਚ ਟਕਰਾ ਗਈ। ਬਾਬਾ ਜੀ ਸਾਫ ਗੋ ਨਿਕਲ ਗਏ। ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼ ਦਾ ਮੁੱਖ ਕੇਂਦਰ ਜਵੱਦੀ ਬਣ ਗਿਆ। ਦੁਨੀਆਂ ਭਰ ਦੇ ਵਿਦਵਾਨ ਜਵੱਦੀ ਵੱਲ ਖਿੱਚੇ ਗਏ। ਇਸ ਦੌਰਾਨ ਇਕ ਹੋਰ ਸੁਪਨਾ ਲਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮਾਏ ਸੰਤਾਂ ਭਗਤਾਂ ਦੀ ਅਸਥਾਨਾਂ

ਲਈ ਸ਼ਬਦ ਯਾਤਰਾ ਆਰੰਭੀ ਗਈ। ਇਸ ਕਾਰਜ ਲਈ ਤਿੰਨ ਭਗਤਾਂ ਦਾ ਅਸਥਾਨ ਮਹਾਂਰਾਸ਼ਟਰ ਚੁਣਿਆ ਗਿਆ। ਦਾਸ ਲਈ ਇਹ ਬੜੇ ਫ਼ਖ਼ਰ ਦੀ ਗੱਲ ਸੀ। ਸੰਤ ਜੀ ਸੰਗਤਾਂ ਅਤੇ ਦਾਸ ਪਹਿਲੇ ਮਨੁੱਖ ਸਾਂ ਜਿਨ੍ਹਾਂ ਭਗਤਾਂ ਦੀ ਜਨਮ ਭੂਮੀ ਪਰਸੀ ਸੀ। ਮੁੰਬਈ ਦੀਆਂ ਸੰਗਤਾਂ ਨੇ ਬਾਬਾ ਜੀ ਦਾ ਬੜਾ ਮਾਣ ਕੀਤਾ। ਸਰਕਾਰੀ ਤੌਰ 'ਤੇ ਮੁੰਬਈ ਵਿਦਿਆਪੀਠ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਚੇਅਰ ਦੀ ਸਥਾਪਨਾ ਹੋਈ।

੧੯੯੭ ਵਿਚ ਸੰਤਾਂ ਵਲੋਂ ਆਪਣੇ ਪ੍ਰਵਚਨਾਂ ਦੀ ਪਹਿਲੀ ਪੁਸਤਕ ਸਵੈ ਪ੍ਰਕਾਸ਼ ਅਸਾਂ ਬੜੇ ਉਪਰਾਲੇ ਨਾਲ ਪ੍ਰਕਾਸ਼ਿਤ ਕੀਤੀ। ਇਕ ਹੀ ਰਾਤ ਵਿਚ ਡੀ ਟੀ ਪੀ ਅਤੇ ਪਰੂਫਿੰਗ ਦਾਸਰੇ ਵਲੋਂ ਕੀਤੀ ਗਈ। ਵਿਸਮਾਦ ਨਾਲ ਵਲੋਂ ਪ੍ਰਕਾਸ਼ਿਤ 'ਸ਼ਬਦ' ਨਾਮ ਦੀ ਪੁਸਤਕ ਅੱਜ ਵੀ ਇਕ ਇਤਿਹਾਸ ਰੱਖਦੀ ਹੈ। ਕਦੀ ਏਨੀ ਖੋਜ-ਬੀਨ ਅਸਾਂ ਨਹੀਂ ਸੀ ਕਰਨੀ ਇਹ ਸਭ ਬਾਬਾ ਜੀ ਦੀ ਹਿੰਮਤ ਹੀ ਸੀ। ਕੀਰਤਨ ਪੱਧਤੀ ਸਬੰਧੀ ਰਾਗਾਂ ਦੇ ਭੇਦਾਂ ਸਬੰਧੀ ਸਕਾਲਰ ਬਿਠਾਏ ਨਿਰਧਾਰਤ ਸੁਰਾਂ ਤੇ ਬੰਦਸ਼ਾਂ ਠੀਕ ਕਰਵਾਈਆਂ ਪੁਸਤਕਾਂ ਦੇ ਨਾਲ ਨਾਲ ਸੋਵੀਨਾਰ, ਆਡੀਓ, ਵੀਡੀਓ ਰਿਕਾਰਡਿੰਗ ਕਰਵਾਈ ਤਾਂ ਆਉਣ ਵਾਲੀਆਂ ਨਸਲਾਂ ਵਿਰਸੇ ਦੀ ਸੰਭਾਲ ਕਰ ਸਕਣ। ਅੰਦਾਜ਼ਨ ੪ ਅਦੁੱਤੀ ਸੰਮੇਲਨ ਉਨ੍ਹਾਂ ਆਪਣੇ ਸਰੀਰਕ ਰੋਗ ਦੀ ਪਰਵਾਹ ਨਾ ਕਰਦਿਆਂ ਕਰਵਾਏ।

੨੦੦੧ ਦੇ ਸੰਮੇਲਨ ਦੌਰਾਨ ਆਪ ਜੀ ਨੇ ਦੋ ਵਾਰ ਡਾਇਲੇਸਿਜ ਕਰਵਾਇਆ। ਮੈਂ ਉਨ੍ਹਾਂ ਦੇ ਚੇਹਰੇ ਤੇ ਸ਼ਿਕਨ ਕਦੇ ਨਹੀਂ ਸੀ ਦੇਖੀ। ਇਰਾਦੇ ਹਮੇਸ਼ਾਂ ਉੱਚੇ। ਅਸੀਂ ਕਦੇ ਬਿਮਾਰੀ ਦਾ ਜ਼ਿਕਰ ਕਰਨਾ ਉਨ੍ਹਾਂ ਦਾ ਉਤਰ ਹੁੰਦਾ ਸੀ ਸਰੀਰਕ ਕ੍ਰਿਆ ਹੈ ਆਪਾਂ ਆਪਣੀ ਚਾਲੇ ਚਲਣਾ ਹੈ। ਯਾਰ ਇਨ੍ਹੀ ਪਰਵਾਹ ਕਰਾਂਗੇ ਤਾਂ ਕੰਮ ਨਹੀਂ ਹੋਣਾ। ਮੈਨੂੰ ਬਾਬਾ ਜੀ ਅਕਸਰ ਯਾਰ ਕਹਿਕੇ ਸੰਬੋਧਨ ਕਰਦੇ ਸਨ ਤੇ ਨਾ ਮਿਲਣ ਦੀ ਦੇਰੀ ਦਾ ਗਿਲਾ ਯਾਰ ਤੂੰ ਬੜਾ ਢੀਠ ਹੈ ਕਹਿ ਕੇ ਕਰਦੇ ਸਨ। ਮੈਨੂੰ ਯਾਦ ਹੈ ਮੈਂ ਬਾਬਾ ਜੀ ਦੇ ਅਕਾਲ ਚਲਾਣੇ ਤੋਂ ਡੇਢ ਮਹੀਨਾ ਪਹਿਲੋਂ ਉਨ੍ਹਾਂ ਨੂੰ ਕਿਡਨੀ ਬਦਲਾ ਲੈਣ ਦਾ ਸੁਝਾਅ ਦਿੱਤਾ ਸੀ ਤੇ ਉਨ੍ਹਾਂ ਫਿਰ ਉਹੀ ਸ਼ਬਦ ਦੁਹਰਾਏ ਸਨ 'ਯਾਰ ਤੂੰ ਬੜਾ ਢੀਠ ਹੈ' ਮੇਰੀ ਫਿਕਰ ਕਰਦਾ ਹੈ, ਆਪਣੇ ਕੰਮ ਦਾ ਫਿਕਰ ਕਿਉਂ ਨਹੀਂ ਕਰਦਾ? ਪਰ ਮੈਨੂੰ ਦੂਸਰੇ ਦਿਨ ਬਾਬਾ ਜੀ ਵਲੋਂ ਰਾਤ ਦੀ ਚਰਚਾ ਤੇ ਗੌਰ ਕਰਨ ਦਾ ਪਤਾ ਲੱਗ ਗਿਆ ਸੀ। ਉਨ੍ਹਾਂ ਨੇ ਦਿਨ ਭਰ ਮੇਰੇ ਤੋਂ ਅੱਖ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਰਾਤੀ ੧੧:੦੦ ਵਜੇ ਦੇ ਕਰੀਬ ਆਪਣੇ ਕਮਰੇ ਵਿਚ ਬੁਲਾਇਆ ਅਤੇ ਸੇਵਾਦਾਰ ਨੂੰ ਕੈਮਰਾ ਲਿਆਉਣ ਲਈ ਹਿਦਾਇਤ ਕੀਤੀ।

ਉਨ੍ਹਾਂ ਮੇਰੇ ਗਲ ਵਿਚ ਸਿਰਪਾਓ ਪਾਉਂਦਿਆਂ ਜੱਫੀ ਵਿਚ ਲਿਆ ਅਤੇ ਫੋਟੋ ਖਿਚਵਾਉਂਦਿਆਂ ਬੋਲ ਸਾਂਝੇ ਕੀਤੇ, 'ਲੈ ਭਾਈ ਸੰਘਾ ਇਸ ਤੋਂ ਅੱਗੇ ਜੋ ਗੁਰੂ ਨੂੰ ਭਾਵੇ' ਉਸ ਵੇਲੇ ਮੈਂ ਇਹ ਗੁਹਜ ਨਹੀਂ ਸਮਝਿਆ। ਸਵੇਰੇ ਬੂਹਾ ਖੁੱਲ੍ਹਣ ਤੋਂ ਪਹਿਲੋਂ ਹੀ ਹਜ਼ੂਰ ਸਾਹਿਬ ਲਈ ਚਾਲੇ ਪਾ ਦਿੱਤੇ ਸਨ। ਸ੍ਰ. ਜਸਬੀਰ ਸਿੰਘ ਜੀ ਨੇ ਦੱਸਿਆ ਸੀ ਕਿ ਆਖਰੀ ਵੇਲੇ ਬਾਬਾ ਜੀ ਨੇ ਹਜ਼ੂਰ ਸਾਹਿਬ ਨੂੰ ਹੀ ਯਾਦ ਕੀਤਾ ਸੀ। 'ਗੁਰੂ ਨੂੰ ਭਾਵੇ' ਗੁਹਜ ਮੈਨੂੰ ਉਸ ਵੇਲੇ ਸਮਝ ਪਈ ਜਦ ਰਾਤ ਦੇ ੨:੪੦ ਵਜੇ ਫੋਨ ਦੀ ਘੰਟੀ ਨੇ ਮੈਨੂੰ ਬਾਬਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਦਿੱਤੀ।

ਜੋ ਕਦੀ ਸਰੀਰ ਸੀ ਉਹ ਅੱਜ ਸੰਸਥਾ ਹੈ ਤੇ ਅਸੀਂ ਸੰਸਥਾ ਦੇ ਪਹਿਰੇਦਾਰ ਹਾਂ। ਸਾਨੂੰ ਬੀਬੀ ਜਸਬੀਰ ਕੌਰ ਖਾਲਸਾ ਸ੍ਰ. ਜਸਬੀਰ ਸਿੰਘ ਅਤੇ ਉਨ੍ਹਾਂ ਬਹਿਗੰਮਾ ਜਿਨ੍ਹਾਂ ਦਿਨ ਰਾਤ ਕਰਕੇ ਇਕ ਪ੍ਰਤਿਭਾ ਦੀ ਪਹਿਚਾਨ ਕੀਤੀ ਅਤੇ ਇਸ ਪ੍ਰਤਿਭਾ ਨੂੰ ਉਜਾਗਰ ਕਰ ਦੁਨੀਆਂ ਵਿਚ ਪਹੁੰਚਾਉਣ ਦਾ ਯਤਨ ਕੀਤਾ ਦੇ ਧੰਨਵਾਦੀ ਹੋਣਾ ਚਾਹੀਦਾ ਹੈ। ਬਾਬਾ ਜੀ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਵਲੋਂ ਲਗਾਏ ਬੋਹੜ ਦੀ ਛਾਂ ਸਾਨੂੰ ਸੰਸਾਰੀ ਜੀਵਾਂ ਨੂੰ ਉਨ੍ਹਾਂ ਵਰਗੇ ਉਦਮ ਉਪਰਾਲੇ ਕਰਕੇ ਮਾਨਣੀ ਚਾਹੀਦੀ ਹੈ। ਕਿਸੇ ਸਰੀਰ ਦੀ ਘਾਲਣਾ ਨੂੰ ਯਾਦ ਰੱਖਣਾ ਹੀ ਸੱਚੀ ਸ਼ਰਧਾਂਜਲੀ ਹੈ।

# ਨਾਨਕ ਸੰਤ ਸਦਾ ਥਿਰੁ ਨਿਹਚਲੁ, ਜਿਨ ਰਾਮ ਨਾਮ ਅਧਾਰੁ

ਤੀਰਥ ਸਿੰਘ
ਨੇਸ਼ਨ ਫੋਰਮ/ਨਿਰਭੈ ਫੋਰਮ
ਸਹਾਰਨਪੁਰ (ਯੂ ਪੀ)

ਅਕਤੂਬਰ 9, 10, 11, 12 ਅਤੇ 13 ਸੰਨ 1991 ਅਦੁੱਤੀ ਗੁਰਮਤਿ ਸੰਮੇਲਨ ਜੋ ਜਵੱਦੀ ਕਲਾਂ ਲੁਧਿਆਣਾ (ਪੰਜਾਬ) ਵਿਖੇ ਗੁਰਪੁਰਵਾਸੀ ਸੰਤ ਸੁੱਚਾ ਸਿੰਘ ਜੀ ਵਲੋਂ ਆਪਣੇ ਸਹਿਯੋਗੀਆਂ ਉਸਤਾਦ ਜਸਵੰਤ ਸਿੰਘ ਭੰਵਰਾ, ਬੀਬੀ ਜਸਬੀਰ ਕੌਰ ਇਤਿਆਦਿਕ ਪ੍ਰਬੰਧਕਾਂ ਦੁਆਰਾ ਆਯੋਜਿਤ ਕਰਵਾਇਆ ਗਿਆ ਸੀ, ਉਸਦੇ ਸਬੰਧ ਵਿਚ ਦਾਸ ਨੂੰ ਵੀ ਇਕ ਪੱਤਰ ਇਸ ਸੰਮੇਲਨ ਅੰਦਰ ਭਾਗ ਲੈਣ ਲਈ ਅਤੇ ਤਾਊਸ ਸਾਜ ਨੂੰ ਬਨਵਾਉਣ ਲਈ, ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਜਾਤੀ ਤੌਰ 'ਤੇ ਮਿਲਣ ਲਈ ਕਿਹਾ ਗਿਆ ਸੀ, ਟੈਲੀਫੋਨ ਦੁਆਰਾ ਵੀ ਇਸੇ ਪ੍ਰਕਾਰ ਸੂਚਿਤ ਕੀਤਾ ਸੀ।

ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਮਿਲਣ ਤੋਂ ਬਾਅਦ, ਸਮਾਂ ਘੱਟ ਹੋਣ ਦੇ ਬਾਵਜੂਦ ਵੀ ਦਾਸ ਦੂਰ ਦੁਰਾਡੇ ਜਿੱਥੋਂ ਕਿਤੇ ਵੀ ਤਾਊਸ (ਸਾਜ) ਬਨਾਉਣ ਲਈ ਕਾਰੀਗਰਾਂ ਦਾ ਪਤਾ ਚੱਲਿਆ ਦਾਸ ਇਤਨੇ ਘੱਟ ਸਮੇਂ ਅੰਦਰ ਇੰਤਜਾਮ ਕਰਨ ਲਈ, ਬਰੇਲੀ, ਬੰਦਾਯੂ, ਲਖਨਊ, ਕਾਨਪੁਰ, ਦਿੱਲੀ ਆਦਿਕ ਪੁਰਾਤਨ ਕਾਰੀਗਰਾਂ ਦੇ ਪਤੇ ਟਿਕਾਣੇ 'ਤੇ ਗਿਆ ਪਰ ਪੁਰਾਣੇ ਬਜ਼ੁਰਗ ਇਕ ਅੱਧ ਕਾਰੀਗਰ ਨਾਲ ਹੀ ਰੂਬਰੂ ਵਾਰਤਾਲਾਪ ਹੋਈ ਜਿਸ ਵਿਚ ਇਕ ਨੇ ਆਪਣੇ ਭਤੀਜੇ ਜੋ ਦਿੱਲੀ ਵਿਖੇ ਵਿਭਿੰਨ ਪ੍ਰਕਾਰ ਦੀਆਂ ਸਾਰੰਗੀਆਂ ਬਨਾਉਣ ਵਿਚ ਮੁਹਾਰਤ ਰੱਖਦੇ ਸਨ, ਨੂੰ ਮਿਲਣ ਲਈ ਕਿਹਾ। ਦਾਸ ਉਨ੍ਹਾਂ ਦੇ ਘਰ (ਕਾਰਖਾਨੇ) ਮਿਲਿਆ ਜੋ ਤਾਊਸ ਸਾਜ ਸਬੰਧੀ ਜਾਣਕਾਰੀ ਸੀਮਤ ਹੀ ਰੱਖਦੇ ਸਨ। ਕੋਈ ਪੁਰਾਤਨ ਸਾਜ ਦੇਖ ਕੇ ਉਸ ਬਾਰੇ ਮੁਢਲੀਆਂ ਜਾਣਕਾਰੀਆਂ ਪੈਮਾਇਸ਼, ਸਾਈਜ਼ ਤੁਣ ਜਾਂ ਬੁੰਨ ਦੀ ਲੱਕੜ ਆਦਿ ਖਰੀਦਣੀ ਇਸ ਕੰਮ ਲਈ ਘੱਟ ਤੋਂ ਘੱਟ ਸਮਾਂ ਇਕ ਮਹੀਨਾ ਤੇ ਸਾਜ ਉਪਰ ਖਰਚ 10,000 ਰੁਪਏ ਤੋਂ ਉਪਰ ਆਉਣ ਬਾਰੇ ਦੱਸਿਆ ਜੋ ਸਮਾਂ ਘੱਟ ਹੋਣ ਕਾਰਨ ਬਣਵਾ ਨਾ ਸਕੇ।

ਮੇਰਾ ਪੁਰਾਤਨ ਸਾਜ ਜੋ ਪਟਿਆਲੇ ਦੁਕਾਨ ਘਰ 1960 ਛੱਡਣ ਸਮੇਂ ਟਰੱਕ ਵਿਚ ਆਉਣ ਕਾਰਨ ਲਖਨਊ ਤੇ ਬਾਅਦ ਵਿਚ ਸਹਾਰਨਪੁਰ ਦੇ ਮਕਾਨ ਅੰਦਰ ਦੇਖ-ਭਾਲ ਤੋਂ ਬਿਨਾਂ ਮੇਰੀ ਗੈਰਹਾਜ਼ਰੀ ਅੰਦਰ ਤੰਦੂਰ ਅੰਦਰ ਝੋਕ ਦਿੱਤਾ ਗਿਆ, ਦੋ ਸਾਜ਼ ਪੁਰਾਣੇ ਦਿਲਰੁਬਾ ਛੋਟਾ (ਤਾਊਸ ਸ਼ਕਲ ਦਾ) ਆਪਣੀ ਦੁਕਾਨ (ਸਾਜ ਘਰ) ਅਤੇ ਦੂਸਰਾ ਵੱਡਾ ਅੰਬਾਲੇ ਤੋਂ ਆਪਣੇ ਤਾਇਆ ਜੀ ਦੇ ਗ੍ਰਹਿ ਤੋਂ 1955-56 ਲਿਆਂਦੇ ਗਏ ਸਨ।

ਅੱਜ ਤੱਕ ਅਧੂਰੀ ਵਿਵਸਥਾ ਵਿਚ ਸੁਰੱਖਿਅਤ ਪਏ ਹੋਏ ਹਨ। ਇਹ ਹੀ ਜ਼ਿਆਦਾ ਸਮਾਂ 1972 ਤੱਕ ਪ੍ਰਯੋਗ ਵਿਚ ਲਿਆਂਦੇ ਗਏ। ਆਪਣੇ ਕਾਰੋਬਾਰ ਰੁਝੇਵਿਆਂ, ਜ਼ਿੰਮੇਵਾਰੀਆਂ ਕਾਰਨ ਸੰਗੀਤ ਵਲ ਰੁਝਾਨ ਘਟ ਗਿਆ। ਪਰ ਉਸਤਾਦ ਖਾਸ ਕਰਕੇ ਭਾਈ ਸਾਹਿਬ ਹਰਨਾਮ ਸਿੰਘ ਜੀ (ਮਹਾਰਾਜ ਪਟਿਆਲਾ ਦੇ ਸਜਿੰਦੇ) ਸ਼ਗਿਰਦ ਮਹੰਤ ਗੱਜਾ ਸਿੰਘ ਜੀ ਪਾਸੋਂ ਰਜਿੰਦਰਾ ਕਾਲਜ ਪਟਿਆਲੇ ਦੇ ਨੇੜੇ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਲਗਭਗ ਤਿੰਨ ਸਾਲ ਤੋਂ ਉਪਰ ਸੰਗੀਤ ਦੀ ਵਿਦਿਆ ਬਕਾਇਦਾ ਸ਼ਿਸ ਬਣ ਕੇ ਪ੍ਰਾਪਤ ਕੀਤੀ। ਤਬਲਾ ਮਾਸਟਰ ਹੀਰਾ ਲਾਲ ਤੇ ਹਰਮੋਨੀਅਮ ਉਸਤਾਦ ਮਾਸਟਰ ਜਗਤ ਸਿੰਘ ਜੀ ਸੂਰਮਾ ਧਰਮਪੁਰਾ ਬਜ਼ਾਰ ਪਟਿਆਲਾ ਤੋਂ ਪ੍ਰਾਪਤ ਕੀਤੀ। ਕਦੀ ਕਦੀ ਭਾਈ ਕ੍ਰਿਪਾਲ ਸਿੰਘ ਤਬਲਾ ਵਾਦਕ (ਪੁੰਨਛ ਵਾਲਿਆਂ) ਨਾਲ ਵੀ ਸਿਖਣ ਸਮੇਂ ਸੰਗਤ ਹੁੰਦੀ ਰਹੀ) ਪੁਰਾਤਨ ਬੰਦਸ਼ਾਂ ਅਤੇ ਰਾਗ ਪਿਤਾ ਪੁਰਖੀ ਵਿਰਸੇ ਅਤੇ ਸਬੰਧਤ ਘਰ ਆਉਣ ਜਾਣ ਵਾਲੇ ਰਾਗੀ, ਗੁਣੀਜਨ ਵਿਦਵਾਨਾਂ ਤੋਂ ਖਾਸਕਰ ਸੰਤ ਬਾਬਾ ਮੋਹਨ ਸਿੰਘ ਜੀ ਕਾਨਪੁਰ ਜੀ ਦੇ ਨਾਲ ਸੰਗਤ ਕਰਦੇ ਹੋਏ, ਵਿਭਿੰਨ ਪੁਰਾਤਨ ਬੰਦਸ਼ਾਂ ਤੇ ਰਾਗ ਸਮਝ, ਸੁਣ ਤੇ ਗਾ ਕੇ ਪ੍ਰਾਪਤ ਕੀਤੀਆਂ ਅਤੇ ਸਮਾਂ ਮਿਲਣ 'ਤੇ ਆਪਣੇ ਪਿਤਾ ਗਿਆਨੀ ਇੰਦਰ ਸਿੰਘ ਪਟਿਆਲੇ ਵਾਲੇ ਫਿਰ ਬਿਬੇਕੀ ਨਾਲ ਵੀ ਅਤੇ ਬਾਅਦ 1965 ਸਹਾਰਨਪੁਰ ਆਉਣ 'ਤੇ ਇਥੇ ਹੀ ਪੱਕਾ ਨਿਵਾਸ ਕਰ ਲਿਆ ਗਿਆ ਅਤੇ ਪਹਿਲਾਂ ਦੀ ਤਰ੍ਹਾਂ ਆਪਣਾ ਕਾਰੋਬਾਰ ਸੰਗੀਤ ਸਾਜ਼ ਰੁਝਾਨ ਛੱਡ (ਵਿਪਰੀਤ) ਪਾਈਪ ਲੋਹੇ ਦੇ ਖੇਤਰ ਅੰਦਰ ਰੁਚਿਤ ਹੋ ਗਏ ਸਨ।

ਅਕਤੂਬਰ 1991 ਅਦੁੱਤੀ ਸੰਗੀਤ ਸੰਮੇਲਨ ਅੰਦਰ ਜੋ ਸਾਜ਼ (ਤਾਊਸ) ਦਾਸ ਨੂੰ ਰਿਆਜ਼ ਹਿਤ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਦੇ ਲਿਖਤੀ ਆਦੇਸ਼ 'ਤੇ ਦਿੱਤਾ ਗਿਆ ਸੀ ਉਹ ਵੀ ਪੁਰਾਣੇ ਬੁਜ਼ੁਰਗ ਜੋ ਗੁਰਦਾਸਪੁਰ ਪੰਜਾਬ ਦੇ ਕਿਸੇ ਸ਼ਹਿਰ ਵਿਚੋਂ ਨਾਲ ਲਿਆਏ ਸਨ। ਥੋੜੀ ਜਿਹੀ ਮੁਹਾਰਤ ਵਜਾਉਣ ਦੀ ਵੀ ਰੱਖਦੇ ਸਨ ਪਰ ਸੰਗਤ ਕਰਨ ਦੀ ਇਤਨੀ ਜਾਣਕਾਰੀ ਨਹੀਂ ਸੀ।

ਸਾਜ਼ (ਤਾਊਸ) ਨਾਲ ਮਿਲਣ 'ਤੇ ਮਹਾਂਪੁਰਸ਼ਾਂ ਦੇ ਹੁਕਮ ਅਤੇ ਇਸ਼ਤਿਹਾਰ ਅੰਦਰ ਦਰਸਾਏ ਪ੍ਰੋਗਰਾਮ ਅਨੁਸਾਰ 31/10/1991 ਬਾਅਦ ਦੁਪਹਿਰ 2:30 ਤੋਂ 3 ਵਜੇ ਦੋ ਰਾਗ, ਸਾਰੰਗ ਤੇ ਤਿਲੰਗ ਦੇ ਦੋ ਸ਼ਬਦ ਗਾਇਨ ਲਈ ਕਿਹਾ ਗਿਆ। ਪਹਿਲਾ ਸ਼ਬਦ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਖੁਦ ਕਹਿਕੇ ਕਿ, ਆਪ ਜੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦਾ ਉਚਾਰਨ ਕੀਤਾ ਸ਼ਬਦ ਮਲਹਾਰ, 'ਜਪਿ ਮਨ ਰਾਮ ਨਾਮੁ ਪ੍ਰਭੁ ਸਾਰ' ਦਾ ਗਾਇਨ ਕਰੋ। ਦਾਸ ਨੇ ਇਸ ਤੋਂ ਪਹਿਲਾਂ ਕਦੀ ਇਹ ਸਬਦ ਨਹੀਂ ਸੀ ਪੜ੍ਹਿਆ। ਝੱਟ ਮੰਦਰ ਅਸਥਾਨ ਤੇ ਗਿਆ ਭਾਈ ਨਰਿੰਜਨ ਸਿੰਘ ਜੀ ਤੋਂ ਸੈਂਚੀ ਪ੍ਰਾਪਤ ਕਰ ਨੋਟ ਕਰ ਉਸੇ ਸਮੇਂ ਬੰਦਸ਼ ਦਾ ਰੂਪ ਦੇ ਮੇਰੇ ਨਾਲ ਆਏ ਸਾਥੀ (ਦੋਸਤ ਬੱਚੇ) ਜੋ ਮੇਰੇ ਨਾਲ ਹਰ ਸ਼ਾਮ ਗੁਰਦੁਆਰਾ ਅਮਰ ਕੁਟੀਆ ਅਸਥਾਨ 'ਤੇ ਬਿਨਾਂ ਕਿਸੇ ਉਜਰਤ (ਸੇਵਾ ਭਾਵ ਨਾਲ ਹੀ) ਅਸੀਂ ਕੀਰਤਨ ਕਰਿਆ ਕਰਦੇ ਸਾਂ, ਰਾਗ ਤੇ ਗੁਰਬਾਣੀ ਦੀ ਪੂਰੀ ਜਾਣਕਾਰੀ ਵੀ ਨਹੀਂ ਰੱਖਦੇ ਸਨ। ਇਸ ਕਾਰਨ ਦਿੱਲੀ ਦਾ ਇਕ ਸਿੰਘ (ਘੱਟ ਉਮਰ) ਦਾ ਤਬਲਾ ਵਜਾਉਣ ਵਿਚ ਪੂਰੀ ਮੁਹਾਰਤ ਰੱਖਦੇ ਸੀ ਰਾਤ ਉਸ ਨਾਲ ਕਮਰੇ ਅੰਦਰ ਬੈਠ ਸੰਗਤ ਵੀ ਹੋ ਗਈ ਸੀ। ਇਸ ਸੰਗੀਤ ਸੰਮੇਲਨ ਅੰਦਰ ਸੰਗਤ ਕਰਨ ਲਈ ਬੈਠਾ ਨਾਲ ਟੀ ਵੀ ਰੇਡਿਓ ਕਲਾਕਾਰ ਰਬਾਬ ਅਤੇ ਧੌਲਪੁਰੀ ਹਰਮੋਨੀਅਮ ਤੇ ਹੋਰ ਕਲਾਕਾਰ ਵਿਭਿੰਨ ਸਾਜ਼ਾਂ ਦੀ ਸੰਗਤ ਕਰ ਰਹੇ ਸਨ। ਇਸ ਭਰਪੂਰ ਸੰਗਤਾਂ ਦੇ ਠਾਠਾਂ ਮਾਰਦੇ ਪੰਡਾਲ ਅੰਦਰ ਬੇਅੰਤ ਸੰਗਤਾਂ ਦੇ ਨਾਲ ਜਿਸ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਠਾਕੁਰ ਸਿੰਘ ਜੀ ਆਪਣੇ ਜਥੇ ਦੇ ਸਿੰਘਾਂ ਨਾਲ, ਬਾਬਾ ਬੇਦੀ ਸਾਹਿਬ ਉਨ੍ਹਾਂ ਵਲੋਂ ਆਪਣੇ ਸੇਵਕਾਂ ਸਿੰਘ ਤੇ ਹੋਰ ਡੇਰਿਆਂ ਦੇ ਮੁਖੀ ਮਹਾਂਪੁਰਸ਼ ਵਿਦਵਾਨ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਅੰਦਰ ਸੰਤ ਬਾਬਾ ਸੁੱਚਾ ਸਿੰਘ ਜੀ ਨਾਲ ਸੁਭਾਇਮਾਨ ਸਨ। ਇਹ ਅਦੁੱਤੀ ਸੰਮੇਲਨ ਇਕ ਵੱਡੀ ਯਾਦਗਾਰ ਸੀ।

ਇਸ ਤੋਂ ਬਾਅਦ ਦਾਸ 26/10/94 ਅਤੇ ਇਕ ਵਾਰੀ ਫਿਰ ਜਵੱਦੀ ਕਲਾਂ ਮਹਾਂਪੁਰਸ਼ਾਂ ਪਾਸ ਗਿਆ। ਵਾਰਤਾਲਾਪ ਅੰਦਰ ਆਪ ਜੀ ਨੇ ਫਿਰ ਦੋ ਸ਼ਬਦ ਗੁਰੂ ਅਸਥਾਨ ਤੇ ਸ਼ਾਮ ਨੂੰ ਗਾਉਣ ਲਈ ਕਿਹਾ। ਆਪ ਜੀ ਦੁਆਰਾ ਕੀਤੇ ਕਰਾਏ ਸ੍ਰੀ ਹਜ਼ੂਰ ਸਾਹਿਬ ਨੰਦੇੜ ਅੰਦਰ ਗੁਰਮਤਿ ਸੰਗੀਤ ਸੰਮੇਲਨ ਬਾਰੇ ਭੇਜੀਆਂ ਫੋਟੋ ਵਿਸਥਾਰ ਪੂਰਵਕ ਲੇਖ ਜੋ ਮੇਰੇ ਦੁਆਰਾ ਚਲਾਏ ਜਾ ਰਹੇ ਪੱਤਰ ਨਿਊਜ਼ ਫੋਰਮ ਅੰਦਰ ਦਰਸਾਏ ਗਏ ਸਨ।

ਮਹਾਂਪੁਰਸ਼ਾਂ ਵਲੋਂ ਐਸੀ ਸੰਗੀਤਮਈ ਰੁਚੀ/ਪ੍ਰਚਾਰ/ਪ੍ਰਸਾਰ ਦਾ ਜੋ ਅੰਤਰੀਵ ਭਾਵ ਸੀ ਅਲੋਪ ਹੋ ਚੁੱਕੀਆਂ ਸੰਗੀਤਮਈ ਬੰਦਸ਼ਾਂ, ਰਾਗਾਂ, ਸਾਜ਼ਾਂ (ਰਬਾਬ, ਸਿਰੰਦਾ, ਤਾਊਸ, ਦਿਲਰੁਬਾ) ਆਦਿਕ ਮੁੜ ਤੋਂ ਸੁਰਜੀਤ ਕਰਨ ਲਈ ਇਕ ਅਥਾਹ ਯਤਨ ਸੀ ਤਾਂ ਜੋ ਰਾਗੀ ਸਿੰਘ (ਕੀਰਤਨੀਏ) ਇਕ ਤੰਤੀ ਸਾਜ਼ ਆਪਣੇ ਨਾਲ ਜ਼ਰੂਰ ਰੱਖਣ ਪਰ ਐਸਾ ਅੱਜ ਤੱਕ ਨਹੀਂ ਹੋ ਸਕਿਆ। ਬਹੁਤ ਘੱਟ ਗੁਣੀਜਨ, ਕੀਰਤਨੀਏ ਹਨ ਜੋ ਸਾਹਿਬ ਜੀ ਗੁਰੂ ਗ੍ਰੰਥ ਸਾਹਿਬ ਅਤੇ (ਦਸਮ ਗ੍ਰੰਥ, ਸਰਬ ਲੋਹ ਗ੍ਰੰਥ) ਦੇ ਰਾਗਾਂ, ਬੰਦਸ਼ਾਂ, ਪੜਤਾਲਾਂ, ਸਵਾਰੀ, ਪਖਾਵਜ ਪੱਖ ਆਦਿਕ ਦੀ ਜਾਣਕਾਰੀ ਰੱਖਦੇ ਹਨ ਜੇ ਕੋਈ ਗੁਣੀਜਨ, ਰਾਗੀ ਰੱਖਦੇ ਵੀ ਹਨ ਤਾਂ ਉਹ ਇਸ ਕਲਾ (ਵਿਰਸੈ) ਨੂੰ ਸੰਗਤਾਂ, ਸੰਮੇਲਨਾਂ, ਧਾਰਮਿਕ ਦੀਵਾਨਾਂ ਤੇ ਸੁਨਾਉਣ, ਦਿਖਾਉਣ ਲਈ ਤਤਪਰ ਨਹੀਂ ਹੁੰਦੇ...। ਅਸੀਂ ਸਾਰੇ ਜਾਣਦੇ ਹੀ ਹਾਂ।

ਬਹੁਤ ਘੱਟ, ਉਂਗਲਾਂ ਤੇ ਗਿਣਨ ਵਾਲੇ ਰਾਗੀ ਜਥੇ (ਗੁਣੀਜਨ) ਤੰਤੀ ਸਾਜ਼ਾਂ ਦੀ ਸੰਗਤ ਨਾਲ ਕਰਵਾ ਰਹੇ ਹਨ ਜਾਂ ਫਿਰ ਨਵੇਂ ਸਾਜ਼ (ਸਿੱਖੇ ਸਾਈਜ਼ਰ) ਆਦਿਕ ਨਾਲ ਹੀ ਆਪਣਾ ਸਮਾਂ ਪੂਰਾ ਕਰ ਰਹੇ ਹਨ। ਤਿਆਰੀ, ਸੰਗਤ, ਕਲਾ, ਮਹਾਰਤ ਗੁਰ ਸਿੱਖ ਵਿਰਸੈ ਦੀ ਸਮੁੱਚੀ ਜਾਣਕਾਰੀ ਹੀ ਨਹੀਂ ਰੱਖ ਰਹੇ। ਇਥੋਂ ਤੱਕ ਕਿ ਸ਼੍ਰੋ. ਗੁ. ਪ੍ਰ. ਕਮੇਟੀ ਦਿੱਲੀ, ਸਿੱਖ ਗੁ. ਪ੍ਰ. ਕਮੇਟੀ ਪਟਨਾ ਸਾਹਿਬ, ਗੁ. ਪ੍ਰ. ਕਮੇਟੀ ਸ੍ਰੀ ਹਜ਼ੂਰ ਸਾਹਿਬ ਆਦਿਕ ਹੋਰ ਗੁਰੂ ਅਸਥਾਨ, ਡੇਰੇ, ਸੁਸਾਇਟੀਆਂ, ਜਥੇਬੰਦੀਆਂ ਅਤੇ ਦਲ ਕਮੇਟੀਆਂ ਤੰਤੀ ਸਾਜ਼ਾਂ ਬਾਰੇ ਲਗਭਗ ਬਿਲਕੁਲ ਹੀ ਅਵੇਸਲੀਆਂ ਹੋ ਚੁੱਕੀਆਂ ਹਨ। ਹਾਂ ਕੋਈ ਇਕੱਲਾ-ਦੁਕੱਲਾ ਆਪਣੀ ਪੱਧਰ 'ਤੇ ਕੁਝ ਕਰ ਰਿਹਾ ਹੋਵੇ ਤਾਂ ਉਹ ਸਿੱਖ ਕੌਮ ਅੰਦਰ ਅਜੇ ਤੱਕ ਚਾਨਣ ਮੁਨਾਰਾ ਨਹੀਂ ਬਣ ਸਕਿਆ।

ਹੁਣ ਵਕਤ ਹੈ, ਐਸੇ ਮਹਾਂਪੁਰਸ਼ਾਂ ਦੀ (ਧਾਰਮਿਕ ਬਿਰਤੀਆਂ ਦੀ) ਗੁਰਮਤਿ ਮਰਯਾਦਾ ਧਾਰਨੀ ਸਮਾਜ ਸੇਵੀਆਂ ਦੀ ਜੋ ਇਸ ਵਾਕ ਦੀ ਪੂਰਤੀ ਕਰ ਸਕਣ।

*ਲਲਤਿ ਬਿਲਾਵਲ ਗਾਵੀਐ ਅਪਨੀ ਅਪਨੀ ਭਾਂਤਿ॥*

ਨੋਟ : ਗੁ. ਜਵੱਦੀ ਕਲਾਂ ਲੁਧਿਆਣੇ ਦੇ ਪ੍ਰਬੰਧਕਾਂ, ਅਨੁਯਾਈਆਂ, ਮੁਖੀਆਂ ਦੀ ਸੇਵਾ ਵਿਚ ਬਿਨੈ ਹੈ ਕਿ ਸੰਤ ਮਹਾਂਪੁਰਸ਼ਾਂ ਦੀ ਯਾਦ ਤਾਂ ਹੀ ਸਦਾ ਸਥਿਰ ਰਹਿ ਸਕਦੀ ਹੈ ਘੱਟ ਤੋਂ ਘੱਟ 5 ਪੁਰਾਤਨ ਸਾਜ਼ (ਰਬਾਬ, ਸਿਰੰਦਾ, ਤਾਊਸ, ਦਿਲਰੁਬਾ, ਮਰਦੰਗ, ਪਖਾਵਜ) ਵਜਾਉਣ ਨਾਲ ਘੱਟ ਤੋਂ ਘੱਟ 100 ਤੋਂ ਉਪਰ ਸਿੰਘ-ਸਿੰਘਣੀਆਂ ਦੀ ਨਵੀਂ ਪਨੀਰੀ ਤਿਆਰ ਕੀਤੀ ਜਾਵੇ ਤਾਂ ਜੋ ਦੇਸ਼ ਦੇ ਘੱਟ ਤੋਂ ਘੱਟ 100 ਰਾਗੀ ਜਥੇ ਆਪਣੀ ਆਪਣੀ ਕਲਾ ਨਾਲ ਸਿੱਖ ਸੰਗਤਾਂ ਨੂੰ ਨਿਹਾਲ ਕਰ ਸਕਣ ਤਾਂ ਜੋ ਸੰਤ ਜੀ ਪ੍ਰਤੀ ਉਦੇਸ਼ਾਂ ਦੀ ਸੱਚੀ ਸ਼ਰਧਾਂਜਲੀ ਹੋਵੇਗੀ।

# ਸੰਤ ਅਤੇ ਸੰਗੀਤ

ਪ੍ਰੋ. ਪਿਆਰਾ ਸਿੰਘ ਪਦਮ
ਗੁਰਮਤਿ ਸੰਗੀਤ ਅਕੈਡਮੀ
ਅਨੰਦਪੁਰ ਸਾਹਿਬ 140 118

ਸ਼ਾਸਤਰਾਂ 'ਚ ਲਿਖਿਆ ਹੈ ਕਿ ਕਈ ਜਨਮਾਂ ਦੀ ਤਪੱਸਿਆ, ਘਾਲਣਾਂ ਅਤੇ ਪੁਨ ਦਾਨ ਤੋ ਮਗਰੋਂ ਸੰਗੀਤ ਦੀ ਦਾਤ ਪ੍ਰਾਪਤ ਹੁੰਦੀ ਹੈ। ਹੋ ਸਕਦਾ ਹੈ ਏਹ ਗਲ ਦਾਸ ਤੋਂ ਵੀ ਲਾਗੂ ਹੋਈ ਹੋਵੇ। ਮੇਰੇ ਵਡੇਰੇ ਦਸਦੇ ਸੀ ਕਿ ਜਦੋਂ ਉਮਰ ਬਹੁਤ ਹੀ ਛੋਟੀ ਸੀ, ਮੈ ਹਰ ਵੇਲੇ ਗੁਨਗੁਨਾਉਂਦਾ ਹੀ ਰਹਿੰਦਾ ਸਾਂ। ਗਲੇ ਦੀ ਅਵਾਜ਼ ਨੂੰ ਪਿੰਡ ਦੇ ਮਰਾਸੀਆਂ ਨੇ ਸੁਣ ਲਿਆ ਅਤੇ ਸਾਡੇ ਪਿਤਾ ਕੋਲੋਂ ਜਬਰਦਸਤੀ ਲੈ ਕੇ ਅਪਨੇ ਸ਼ਾਗਿਰਦ ਬਣਾ ਲਿਆ। ਪਿਤਾ ਨੂੰ ਸ਼ੱਕ ਸੀ ਮੇਰੇ ਬੱਚੇ ਸ਼ਬਦ ਅਤੇ ਗੀਤ ਗਾ ਸਕਣ। ਮਰਾਸੀਆਂ ਨੇ ਦੋ ਤਿਨ ਰਾਗ ਸਿਖਾਏ ਜਿਸ ਦੇ ਸਦਕੇ ਅਸੀਂ ਛੋਟੇ ਦੋਵੇਂ ਭਰਾ ਸਮੁੰਦਰੀ ਤਹਿਸੀਲ ਦੇ ਸਕੂਲਾਂ 'ਚ ਪਹਿਲੇ ਦਰਜੇ ਤੇ ਆ ਕੇ ਡੀ ਸੀ ਕੋਲੋਂ 1934 ਸਨ 'ਚ ਦੱਸ ਰੁਪਏ ਦਾ ਇਨਾਮ ਹਾਸਿਲ ਕੀਤਾ।

ਗਾਨਾ ਇਕ ਜ਼ਿੰਦਗੀ ਦਾ ਨਾ ਟੁਟਣ ਵਾਲਾ ਅੰਗ ਬਣ ਗਿਆ। ਜੋ ਸੁਣਿਆ ਉਸਨੂੰ ਝੱਟ ਗਾ ਲਿਆ ਸਭ ਗਾਣੇ ਅਮੂਮਨ ਰਾਗਾਂ ਦੇ ਆਧਾਰ ਤੇ ਹੁੰਦੇ ਸੀ। ਪੜ੍ਹ ਲਿਖਕੇ Royal Air Force 'ਚ ਕਰਾਚੀ ਜਾਕੇ ਸਟੋਰਕੀਪਰ ਦੀ ਨੌਕਰੀ ਕਰ ਲਈ। ਕੁਝ ਉਮਰ ਬਦਲਦੀ ਸੀ ਅਤੇ ਕੁਛ ਖੁਰਾਕ ਨੇ ਗਲਾ ਖਰਾਬ ਕਰ ਦਿੱਤਾ। ਗਾਣੇ ਬਗੈਰ ਮਨ ਪਰੇਸ਼ਾਨ ਐਸੀ ਹਾਲਤ ਵਿਚ ਇਕ ਬਹੁਤ ਹੀ ਪੁਰਾਣਾ ਦਿਲਰੁਬਾ ਦੁਕਾਨਦਾਰ ਕੋਲੋਂ ਲਿਆ ਜਿਸਨੂੰ ਹੱਥ 'ਚ ਲੈਂਦੇ ਹੀ ਮੈਂ ਫਿਲਮ ਦਾ ਗਾਣਾ ਬਜਾ ਦਿੱਤਾ, ਕਿਉਂਕਿ ਮੈਂ ਬਚਪਨ ਤੋਂ ਹੀ ਹਰਮੋਨੀਅਮ ਬਜਾ ਲੈਂਦਾ ਸੀ। ਪੰਡਤ ਉਂਕਾਰ ਨਾਥ ਠਾਕੁਰ ਦੇ ਸ਼ਾਗਿਰਦ ਸ੍ਰੀ ਪਰਮਾਹੰਸ ਪਾਂਡੇ (ਬਨਾਰਸ ਵਾਲੇ) ਤੋਂ ਸੰਗੀਤ (ਗਾਨੇ) ਦੀ ਤਾਲੀਮ ਚਲ ਰਹੀ ਸੀ। ਦੇਸ ਦੀ ਵੰਡ ਦਾ ਸਮਾਂ ਆ ਗਿਆ, ਮੈਨੂੰ ਹਵਾਈ ਜਹਾਜ਼ ਤੋਂ ਆਉਣਾ ਪਿਆ, ਮੇਰਾ ਦਿਲਰੁਬਾ, ਜੇਹੜਾ ਹਾਲੇ ਵੀ ਮੇਰੇ ਕੋਲ ਹੈ, ਕੋਈ ਦੂਸਰਾ ਆਦਮੀ, ਸਮੁੰਦਰੀ ਰਸਤੇ ਰਾਹੀਂ, ਮੇਰੇ ਲਈ ਭਾਰਤ ਲੈ ਕੇ ਆਇਆ ਸੀ। ਏਥੇ ਆ ਕੇ 5 ਸਾਲ ਮਦਰਾਸ ਰਹਿਣਾ ਪਿਆ, ਫੇਰ ਦਿਓਲਾਲੀ (ਬੰਬਈ ਲਾਗੇ) ਆਇਆ ਤਾਂ ਸੰਗੀਤ ਦੀ ਲੜੀ ਫਿਰ ਤੋਂ ਸ਼ੁਰੂ ਹੋ ਗਈ। ਮਰਹਿਟਿਆਂ ਨੇ ਕਦਰ ਕੀਤੀ। ਮੋਹਿੰਦਰ ਕਪੂਰ ਉਸਦੇ ਕਾਲਜਾਂ ਦੇ ਸਾਥੀ (ਸੰਗੀਤ ਪ੍ਰੇਮੀ) ਹਫਤੇ ਹਫਤੇ ਮਿਲਟਰੀ ਕੁਆਟਰਾਂ 'ਚ ਆਉਣ ਲਗ ਪਏ। ਦਿਲਰੁਬਾ ਦੀ ਮਿਠਾਸ ਦਾ ਅਸਰ, ਕਪੂਰ ਜੀ ਤੇ ਅਤੇ ਪੰਨਾ ਲਾਲ ਕਥਕ ਅੰਮ੍ਰਿਤਸਰ ਵਾਲੇ 'ਤੇ ਬਹੁਤ ਹੋਇਆ।

ਇਤਨਾ ਲਿਖਣ ਦਾ ਮਕਸਦ ਹੈ ਕਿ ਮੈ ਨਹੀਂ ਬਲਕੇ ਮੇਰਾ ਦਿਲਰੁਬਾ ਅਤੇ ਸੰਗੀਤ ਹੀ ਸੀ, ਜਿਸਨੇ ਮੈਨੂੰ ਮਹਾਂ ਪੁਰਸ਼ਾਂ ਸੰਤਾ ਨਾਲ ਮੇਲ ਕਰਨ ਦਾ ਜਰੀਆ ਬੁਲਾਇਆ।

ਅਗਸਤ 1958 ਲਖਨਊ ਬਦਲੀ ਕਰਵਾਈ। ਸ. ਅਜੀਤ ਸਿੰਘ ਪੈਂਤਲ ਨੇ ਮੈਨੂੰ ਸੁਰੀਲਾ ਦੇਖ ਕੇ ਉਸਤਾਦ ਗੁਲਾਮ ਕਾਦਰੀ (Air Sarangi Staff Artist) ਦਾ ਸ਼ਾਗਿਰਦ ਬਣਾ ਦਿੱਤਾ। ਉਸਤਾਦ ਸਾਹਿਬ ਨੇ ਨਵੇਂ ਸਿਰੇ ਤੋਂ ਤਾਲੀਮ ਦੇਣੀ ਸ਼ੁਰੂ ਕੀਤੀ। ਪੈਂਤਲ ਜੀ ਅਤੇ ਸ. ਤਰਲੋਕ ਸਿੰਘ ਦੇ ਸਹਿਯੋਗ ਨਾਲ, ਸਰਕਾਰੀ ਨੌਕਰੀ ਦੇ ਨਾਲ ਨਾਲ ਮਿਊਜ਼ਕ ਕਾਲਜ ਰੋਜ਼ ਨਵੇਂ ਨਵੇਂ ਰਾਗ ਸਿਖਣ ਨੂੰ ਮਿਲਦੇ ਰਹੇ।

ਇਕ ਵਾਰੀ ਬਟਾਲੇ, ਜੇਹੜਾ ਮੇਰੇ ਵੱਡੇ ਭਰਾ ਦਾ ਸ਼ਹਿਰ ਹੈ, ਮੈਂ ਛੁੱਟੀ ਆਇਆ, ਉੱਥੋਂ ਦੇ ਇਕ ਰਾਗੀ ਨੇ ਮੈਨੂੰ ਕਿਹਾ "ਏਥੇ ਤੁਹਾਨੂੰ ਕੋਈ ਸਮਝਣ ਵਾਲਾ ਨਹੀਂ ਚਲੋ ਤੁਹਾਨੂੰ ਕਿਸੇ ਕਦਰਦਾਨ ਕੋਲ ਲੈ ਚੱਲਾਂ।" ਦਿਲਰੁਬਾ ਲਿਆ, ਟਾਂਗੇ ਤੇ ਬੈਠੇ, ਨੌਸ਼ਹਿਰੇ ਮੱਝਾ ਸਿੰਘ ਵਾਲੇ, ਸੰਤ ਬਾਬਾ ਹਰਨਾਮ ਸਿੰਘ ਦੇ ਡੇਰੇ ਪਹੁੰਚ ਗਏ। ਸਵੇਰ ਦਾ ਦੀਵਾਨ ਲੱਗਾ ਹੋਇਆ ਸੀ, ਵਾਤਾਵਰਨ ਅਕਾਂਤ ਤੇ ਸੁਹਾਵਨਾ ਸੀ, ਮਹਾਰਾਜ ਜੀ ਨੇ ਕੁਝ ਸੁਨਾਉਣ ਲਈ ਹੁਕਮ ਕੀਤਾ। ਮੈਂ ਸ਼ੁੱਧ ਧੈਵਤ ਵਾਲੇ ਰਾਗ ਭਟਿਆਰ ਲਈ ਤਰਬਾਂ ਸੁਰ ਕੀਤੀਆਂ ਅਤੇ ਅਲਾਪ ਸ਼ੁਰੂ ਕੀਤਾ। ਸੰਤ ਜੀ ਗੁਰੂ ਮਹਾਰਾਜ ਦੇ ਚਰਨਾਂ 'ਚ ਬਿਰਾਜਮਾਨ ਸਨ, ਸੁਣਦੇ ਸੁਣਦੇ ਬਚਨ ਕੀਤਾ। ਇਸ ਰਾਗ 'ਚ ਕੋਮਲ ਧੈਵਤ ਲਗਾਕੇ ਭੀ ਗਾਇਆ ਜਾਂਦਾ ਹੈ। ਮੈਂ ਅਰਜ਼ ਕੀਤੀ, ਮਹਾਰਾਜ ਜੀ ਇਹ ਸੱਤ ਹੈ, ਪਰ ਮੈਂ ਤਾਂ ਨਵਾਂ ਵਿਦਿਆਰਥੀ ਹਾਂ। ਪੰਜ ਇਸ਼ਨਾਨ ਕਰਵਾਕੇ ਮੈਨੂੰ ਨਾਮ ਦਾਨ ਦੀ ਬਖਸ਼ਿਸ਼ ਕੀਤੀ। ਦੀਵਾਨ ਦੀ ਸਮਾਪਤੀ ਹੋਈ, ਮਹਾਰਾਜ ਸੰਤ ਜੀ ਨੇ ਮੈਨੂੰ ਆਪਣੀ ਬਗਲ 'ਚ ਲੈ ਲਿਆ ਕਿਉਂਕਿ ਆਪ ਬੜੇ ਲੰਬੇ ਸਨ ਤੇ ਮੈਂ ਛੋਟਾ। ਗੁਰਦੁਆਰੇ ਤੋਂ ਆਪਣੇ ਨਿਵਾਸ ਵੱਲ ਲੈ ਚਲੇ। ਸੰਗਤ ਬੜੀ ਹੈਰਾਨ ਸੀ ਕਿ ਇਹ ਸਿੰਘ ਕਿਥੋਂ ਆ ਗਿਆ, ਜਿਸਨੂੰ ਛਾਤੀ ਨਾਲ ਲਾ ਲਿਆ ਹੈ।

ਇਕ ਵਾਰ ਫਿਰ ਛੁੱਟੀ ਦੇ ਦੌਰਾਨ ਸੰਤ ਮਹਾਰਾਜ ਦੇ

ਦਰਸ਼ਨਾਂ ਨੂੰ ਗਿਆ ਤੇ ਮੈਨੂੰ ਬਰਾਤ ਨਾਲ ਜਲੰਧਰ ਲੈ ਗਏ। ਗਰਮੀ ਨਾਲ ਸਿਰ ਦਰਦ ਹੋ ਗਿਆ। ਬਰਾਤ ਦਾ ਉਤਾਰਾ ਖੁੱਲ੍ਹੇ ਥਾਂ ਹੋਇਆ। ਬਰਾਤ ਖਾਣਾ ਖਾਣ ਚਲੀ ਗਈ, ਡੇਰੇ 'ਚ ਮਹਾਰਾਜ ਜੀ ਨੂੰ ਤੇ ਮੈਨੂੰ ਆਰਾਮ ਕਰਨ ਲਈ ਛੱਡ ਗਈ। ਕੁਝ ਸਮਾਂ ਬਾਅਦ ਠੰਡਾ ਪੀਣ ਮਗਰੋਂ ਸਿਰ ਦਰਦ ਤੋਂ ਆਰਾਮ ਮਿਲਿਆ। ਮੰਜੇ ਥੱਲਿਓਂ ਦਿਲਰੁਬਾ ਬਕਸੇ 'ਚੋਂ ਕੱਢਕੇ ਸੁਰ ਕੀਤਾ ਫਿਰ ਸ਼ਾਮ ਦੇ ਇਕ ਰਾਗ ਦਾ ਅਲਾਪ ਕਰਨਾ ਸ਼ੁਰੂ ਕੀਤਾ। ਸਾਜ਼ ਦੀ ਆਵਾਜ਼ ਸੰਤ ਮਹਾਰਾਜ ਨੂੰ ਸੁਣਾਈ ਦਿੱਤੀ ਤਾਂ ਦੂਰੋਂ ਹੀ ਅਸੀਸਾਂ ਦੇਣ ਲੱਗ ਪਏ। ਕਹਿਣ ਲੱਗੇ 'ਬਲਿਹਾਰ ਬੇਟਾ ਬਲਿਹਾਰ' ਸੁਰੀਲੀਆਂ ਸੁਰਾਂ ਨੇ ਸੰਤਾਂ ਦੇ ਮਨ 'ਚ ਖੇੜਾ ਲਿਆਂਦਾ, ਕਿਉਂਕਿ ਉਹ ਆਪ ਵੀ ਸੰਗਤ ਕਰ ਰਹੇ ਸਨ। ਧਰੁਪਦ ਧਮਾਰ ਗਾ ਲੈਂਦੇ ਸੀ। ਬਟਾਲੇ 'ਚੋਂ ਲੰਘਦੇ ਵਕਤ ਪੁੱਛ ਕੇ ਜਾਂਦੇ ਸਨ ਕਿ ਮੈਂ ਛੁੱਟੀ ਆਇਆ ਹਾਂ ਕਿ ਨਹੀਂ? ਚੀਨ ਦੀ ਲੜਾਈ ਕਰਕੇ ਆਸਾਮ ਜਾਣਾ ਪੈ ਗਿਆ ਅਤੇ ਮੈਂ ਦਿਲਰੁਬਾ ਨਾਲ ਲੈ ਗਿਆ। ਡਾ. ਪੈਂਤਲ ਸਾਹਿਬ ਦੀ ਸਲਾਹ ਦੇ ਮੁਤਾਬਕ ਤਿਆਰੀ ਕਰਕੇ ਆਲ ਇੰਡੀਆ ਰੇਡੀਓ ਦਾ ਦਿਲਰੁਬਾ ਸੋਲੋ ਬਜਾਉਣ ਦਾ ਟੈਸਟ 1963 ਵਿਚ ਪਾਸ ਕਰ ਲਿਆ। ਜਨਵਰੀ 1970 'ਚ ਗੋਹਾਟੀ ਬਦਲੀ ਹੋ ਗਈ। Col. H.S. Bal ਨੇ ਗੋਹਾਟੀ 'ਚ ਬਹੁਤ ਨੀਲ ਧਾਰੀ ਨਾਮ ਰਸੀਏ ਬਣਾ ਦਿੱਤੇ ਸਨ। ਦਾਸ ਨੂੰ ਨਾਲ ਮਿਲਾਕੇ ਉਹ ਸੰਗਤ ਬੜੀ ਖੁਸ਼ ਹੋਈ, ਕਿ ਕੀਰਤਨ ਕਰਨ ਵਾਲਾ ਮਿਲ ਗਿਆ। ਨਾਮ ਸਿਮਰਨ ਕਰਨ ਲਗ ਪਏ। ਸੰਤ ਮਹਾਰਾਜ ਦੀ ਅਸ਼ੀਸਾਂ ਅਤੇ ਕਿਰਪਾ ਸਕਦਾ ਜਲਦੀ ਹੀ ਫਲ ਮਿਲਣਾ ਸ਼ੁਰੂ ਹੋ ਗਿਆ। ਜਦੋਂ ਅਤੇ ਜਿਥੇ ਬੈਠੋ ਸਮਾਧੀ ਦਾ ਇਲਾਹੀ ਅਨੰਦ ਮਾਨਣ ਲਗ ਪਿਆ। ਕਦੇ-ਕਦੇ ਸ਼ਬਦ ਕੀਰਤਨ ਕਰਦੇ-ਕਰਦੇ ਸੁਰਤ ਜੁੜ ਜਾਣੀ, ਕੀਰਤਨ ਗੁਰਦੁਆਰੇ ਦੀ ਸੰਗਤ 'ਚ ਸੱਨਾਟਾ ਛਾ ਜਾਣਾ। ਸੁਣਨ ਵਾਲਿਆਂ ਦੀਆਂ ਗਰਦਨਾਂ ਥੱਕ ਜਾਣੀਆਂ। ਐਸਾ ਮਾਹੌਲ ਕਈ ਵਾਰ ਹੋਇਆ। ਇਧਰ ਮੈਂ ਕੀਰਤਨ ਮਾਯਾ ਖਾਤਰ ਨਹੀਂ ਸੀ ਕਰਦਾ। ਦੂਸਰਾ ਆਦਮੀ ਇਸਤਰੀ ਜੇ ਸੁਰ 'ਚ ਕੀਰਤਨ ਕਰਦਾ ਹੋਵੇ, ਜਦੋਂ ਵੀ ਮੈਂ ਚਾਹਿਆ, ਸਮਾਧੀ ਆਰਾਮ ਨਾਲ ਹੋ ਜਾਂਦੀ ਰਹੀ। ਮੇਰੇ ਤੇ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਹੁੰਦੀ ਰਹੀ, ਕਿੰਨੀ-ਕਿੰਨੀ ਦੇਰ ਤੱਕ ਨਾਮ ਦੀ ਖੁਮਾਰੀ ਰਹਿੰਦੀ ਰਹੀ, ਉਹ ਇਕ ਵੱਖਰੀ ਹੀ ਦੁਨੀਆਂ ਹੁੰਦੀ ਸੀ। ਮੈਨੂੰ ਇਕ-ਇਕ ਟਿਕਾਣਾ ਅਜੇ ਵੀ ਭੁੱਲਦਾ ਨਹੀਂ। ਹੌਲੀ- ਹੌਲੀ ਸੰਗਤ 'ਚ ਜਾਣਾ ਬੰਦ ਕਰ ਦਿੱਤਾ।

ਪੈਨਸ਼ਨ ਮਿਲਣੀ ਸ਼ੁਰੂ ਹੋ ਗਈ ਸੀ। ਉਰਦੂ ਗਜ਼ਲ ਲਿਖਣ ਲਗ ਪਿਆ। ਜਿਹੜੀਆਂ ਉਰਦੂ ਦੇ ਚਾਹਵਾਨਾਂ ਨੂੰ ਭੇਜੀਆਂ, ਅਖ਼ਬਾਰਾਂ 'ਚ ਭੀ ਛਪੀਆਂ ਸ੍ਰ. ਖੁਸ਼ਵੰਤ ਸਿੰਘ ਨੇ ਪਰਸੰਸ਼ਾ ਦੀਆਂ ਕਈ ਚਿੱਠੀਆਂ ਮੈਨੂੰ ਭੇਜੀਆਂ ਹੋਈਆਂ ਨੇ। ਸ਼ਾਇਦ ਇਹ ਪਿਛਲੇ ਕਰਮਾਂ ਦਾ ਫਲ ਹੈ ਕਿ ਹਰ ਚੰਗੇ ਕੰਮ 'ਚ ਪੈਂਤਲ ਦੀ ਸਹਾਇਤਾ ਮਿਲਦੀ ਰਹੀ। ਉਨ੍ਹਾਂ ਮੈਨੂੰ ਜਵੱਦੀ (ਲੁਧਿਆਣੇ) ਬਾਰੇ ਸਾਰੀ ਗਲਬਾਤ ਲਿਖੀ। ਉਨ੍ਹਾਂ ਨੇ ਹੀ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਦੱਸਿਆ ਕਿ ਇਸੇ ਦੇ ਕੋਨੇ 'ਚ (ਗੋਹਾਟੀ-ਆਸਾਮ) ਵੀ ਇਕ ਤੰਤੀ ਸਾਜ਼ ਦਾ ਕਲਾਕਾਰ ਪਿਆ ਹੈ। ਮੈਨੂੰ ਗੁਰਮਤਿ ਸੰਗੀਤ ਸੰਮੇਲਨ 'ਤੇ ਬੁਲਾਇਆ ਗਿਆ। ਪੰਜਾਬ ਆਉਣ ਤੋਂ ਪਹਿਲਾਂ ਮੈਂ ਸਵ. ਸੰਤ ਸੁੱਚਾ ਸਿੰਘ ਨੂੰ ਚਿੱਠੀ ਲਿਖੀ ਕਿ ਤੁਹਾਡਾ ਉਦਮ ਬੜਾ ਸ਼ਲਾਘਾਯੋਗ ਹੈ। ਹੋਰ ਲਿਖਿਆ ਕਿ ਮੇਰਾ ਨਾਮ ਨਾ ਪਤਾ ਲਗਣ ਦਿਓ। ਪਰ ਦੱਸੋ ਕਿ ਸੰਗੀਤ, ਸੁਰ ਦੇ ਪਦਮ ਨਾਲ ਜਲਦੀ ਹੀ ਪ੍ਰਭੂ ਨਾਲ ਜੁੜਿਆ ਜਾ ਸਕਦਾ ਹੈ ਪਰ ਜੇ ਕੋਈ ਚਾਹਵੇ ਤਾਂ। ਆਪਣੇ ਗੁਰੂਆਂ, ਭਗਤਾਂ ਨੇ ਇਸੇ ਲਈ ਸੰਗੀਤ ਦਾ ਆਸਰਾ ਲਿਆ ਸੀ। ਸੰਤ ਜੀ ਮੇਰਾ ਦਿਲਰੁਬਾ ਚੁੱਕ ਕੇ ਸੰਗਤਾਂ ਨੂੰ ਦਿਖਾਉਂਦੇ ਹੁੰਦੇ ਸੀ। ਮੈਨੂੰ ਖਾਸ ਆਦਰ ਮਾਣ ਵੀ ਦਿੰਦੇ ਸਨ। ਮੇਰਾ ਜੀਵਨ ਸਾਥੀ ਹਰ ਵਾਰ ਜਵੱਦੀ ਮੇਰੇ ਨਾਲ ਆਇਆ ਕਰਦੇ ਸੀ। ਇਕ ਵਾਰੀ ਸੰਤ ਜੀ ਪੰਡਾਲ 'ਚ ਦਾਖਲ ਹੋ ਕੇ ਬੈਠਣ ਜਾ ਰਹੇ ਸੀ ਤੇ ਬੀਬੀਆਂ ਦੇ ਕੋਲੋਂ ਦੀ ਲੰਘੇ ਤੇ ਉਹ ਉਠਕੇ ਮੱਥਾ ਟੇਕਣ ਲੱਗੀਆਂ। ਮੇਰਾ ਸਾਥੀ ਜਿਹੜਾ ਕੋਲ ਹੀ ਬੈਠਾ ਸੀ ਇਸੇ ਮਕਸਦ ਨਾਲ ਉੱਠਿਆ। ਸੰਤਾਂ ਨੇ ਮੱਥਾ ਟਿਕਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਤੁਹਾਡੇ ਸਰਦਾਰ ਜੀ ਸਾਡੇ ਗੁਰੂ ਭਾਈ ਨੇ। ਸੰਤ ਜੀ ਭਾਵੇਂ ਸੰਗੀਤਕਾਰ ਨਹੀਂ ਸਨ ਪਰ ਗੁਰਮਤਿ ਸੰਗੀਤ ਦੇ ਕਦਰਦਾਨ ਸਨ। ਉਹ ਐਸੀਆਂ ਲੀਹਾਂ ਪਾ ਗਏ ਨੇ ਜਿਹਨਾਂ 'ਤੇ ਸਾਨੂੰ ਚਲਣਾ ਹੀ ਪਵੇਗਾ। ਹੁਕਮੇ ਅੰਦਰ ਸਭ ਕੋ ਦੀ ਖੇਡ ਦੇ ਅਨੁਸਾਰ ਉਹ ਭਾਵੇਂ ਸਾਨੂੰ ਵਿਛੋੜਾ ਦੇ ਗਏ ਨੇ ਪਰ ਉਨ੍ਹਾਂ ਦੀ ਆਤਮਾ ਆਉਣ ਵਾਲੇ ਗੁਰਬਾਣੀ ਸੰਗੀਤ ਸੰਮੇਲਨ ਦੇਖਣ ਅਤੇ ਸੁਣਨ ਜ਼ਰੂਰ ਆਇਆ ਕਰੇਗੀ।

ਸੰਤ ਬਾਬਾ ਸੁੱਚਾ ਸਿੰਘ ਜੀ ਇਕ ਅਜ਼ੀਮ ਸ਼ਖਸੀਅਤ ਸਨ। ਗੁਰਮਤਿ ਸੰਗੀਤ ਲਈ ਹਰ ਸਿੱਖ ਨੂੰ ਚੇਤਨ ਕਰਵਾਉਣਾ, ਇਕ ਅਦੁੱਤੀ ਹੀ ਕਾਰਜ ਸੀ। ਅਕਾਲ ਪੁਰਖ ਨੇ ਇਨ੍ਹਾਂ ਨੂੰ ਗੁਰਮਤਿ ਸੰਗੀਤ ਦੇ ਵਿਸ਼ੇਸ਼ ਦੂਤ ਵਜੋਂ ਹੀ ਇਸ ਸੰਸਾਰ ਤੇ ਭੇਜਿਆ। ਕੀਰਤਨ (ਰਾਗ ਨਾਦ ਸਭ ਸਚੁ ਹੈ) ਦੇ ਮਹਾਂਵਾਕ ਅਨੁਸਾਰ ਇਨ੍ਹਾਂ ਨੇ ਹਰ ਕੀਰਤਨੀਏ ਨੂੰ ਗੁਰੂ ਦੀ ਖੁਸ਼ੀ ਲੈਣ ਲਈ ਸੁਚੇਤ ਕੀਤਾ। ਨਾ ਅੱਕਣਾ, ਨਾ ਥੱਕਣਾ, ਸਦਾ ਪ੍ਰਭੂ ਸ਼ੁਕਰਾਨੇ ਵਿਚ ਰਹਿ, ਦੁਖ ਨੂੰ ਵੀ ਸੁਖ ਕਰਕੇ ਜਾਣ, ਸਾਰੀ ਉਮਰ ਪ੍ਰਭੂ ਪਿਆਰ ਮਾਣ ਆਪ ਸੱਚ ਰੂਪ ਹੋ, ਸਾਨੂੰ ਵੀ ਸੱਚ ਨਾਲ ਜੁੜਨ ਦੀ ਤਾਕੀਦ ਕਰ ਗਏ।

*- ਡਾ. ਜਸਬੀਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਵਾਲੇ


ਭਾਈ ਕਰਮ ਸਿੰਘ ਰਤਨ

3121, ਗਲੀ ਨੰ.3, ਨਿਊ ਸ਼ਿਮਲਾ ਕਲੋਨੀ
ਡਾ. ਜੌਧੇਵਾਲ ਬਸਤੀ, ਲੁਧਿਆਣਾ 141007


*ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ*
*ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।*

ਸੰਤ ਬਾਬਾ ਸੁੱਚਾ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਦਾਸ ਨੂੰ ਸੰਨ 1992 ਵਿਚ ਪਹਿਲੀ ਵਾਰ ਪ੍ਰਾਪਤ ਹੋਇਆ, ਜਦੋਂ ਕਿ ਆਪ ਜੀ ਵਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਸੀ, ਮੈਂ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਸੰਤ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਹਨ ਅਤੇ ਕਈ ਮਹਾਂਪੁਰਸ਼ਾਂ ਦਾ ਸਾਥ ਵੀ ਪ੍ਰਾਪਤ ਕੀਤਾ ਹੈ ਪਰ ਇਨ੍ਹਾਂ ਸਾਰੇ ਮਹਾਂਪੁਰਸ਼ਾਂ ਵਿਚੋਂ ਜਿਨ੍ਹਾਂ ਤੋਂ ਮੈਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆਂ ਹਾਂ, ਉਨ੍ਹਾਂ ਵਿਚ ਇਹ ਸਭ ਮਹਾਂਪੁਰਸ਼ ਸ਼ਾਮਲ ਹਨ। 1. ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ, 2. ਸੰਤ ਭਾਈ ਰਣਧੀਰ ਸਿੰਘ ਜੀ, ਜਿਹਨਾਂ ਨੇ ਅਖੰਡ ਕੀਰਤਨ ਦੀ ਲਹਿਰ ਚਲਾਈ, 3. ਪੰਥ ਦੀ ਮਹਾਨ ਸ਼ਖ਼ਸੀਅਤ ਗਿਆਨੀ ਸੰਤ ਸਿੰਘ ਮਸਕੀਨ ਜੀ, ਅਤੇ 4. ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਲੁਧਿਆਣਾ ਵਾਲੇ।

ਸੰਤ ਤਾਂ ਬਹੁਤ ਹਨ ਸਾਡੇ ਦੇਸ਼ ਵਿਚ ਪਰ ਬਹੁਤਿਆਂ ਸੰਤਾਂ ਤੇ ਭੱਟਾਂ ਦਾ ਇਹ ਸਵੈਯਾ ਢੁਕਦਾ ਹੈ।

*ਗਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।*
*ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ।*
*ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ।*
*ਕਹਤਿਅਹੁ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ।*

(ਪੰਨਾ ੧੩੯੪)

ਇਹ ਸਵੈਯਾ ਭਿਖਿਆ ਭੱਟ ਦਾ ਅੱਜ ਦੇ ਸੰਤਾਂ ਦੀ ਜੀਵਨ ਦੀ ਤਰਜਮਾਨੀ ਕਰਦਾ ਹੈ। ਅੱਜ ਦੇ ਜ਼ਮਾਨੇ ਦੇ ਜਿਤਨੇ ਵੀ ਸੰਤਾਂ ਦੇ ਡੇਰੇ ਹਨ, ਜਿੱਥੇ ਵੀ ਚਲੇ ਜਾਓ ਸਭ ਗੁਰਮਤਿ ਨੂੰ ਛਡ ਕੇ ਸਿਰਫ ਆਪਣਾ ਤੇ ਆਪਣੀ ਗੱਦੀ ਤੇ ਆਪਣੀ ਹੀ ਮਤ ਦਾ ਪ੍ਰਚਾਰ ਕਰਦੇ ਹਨ। ਗੁਰੂ ਆਸ਼ਾ ਤੇ ਗੁਰੂ ਮਤ ਦਾ ਪ੍ਰਚਾਰ ਕੋਈ ਕੋਈ ਹੀ ਕਰਦਾ ਹੈ, ਸਭ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਿੱਛੇ ਰੱਖਕੇ ਤੇ ਆਪਣੇ ਆਪ ਨਾਲ ਸੰਗਤਾਂ ਨੂੰ ਜੋੜਨ ਦੀ ਕੋਸ਼ਿਸ਼ ਕਰਦੇ ਹਨ, ਗੁਰਮਤਿ ਦੀ ਵਿਆਕਰਨ ਨਾ ਕਿਸੇ ਪੜ੍ਹੀ ਹੈ ਤੇ ਨਾ ਹੀ ਗੁਰਮਤਿ ਬਾਰੇ ਜਾਣਦੇ ਹਨ।

ਸੰਤ ਬਾਬਾ ਸੁੱਚਾ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸੇ ਮਤ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਹੇ ਸਨ, ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨਾ ਤੇ ਸਿਰਫ ਗੁਰੂ ਸ਼ਬਦ ਨੂੰ ਹੀ ਮੁੱਖ ਰਖਣਾ ਤੇ ਆਪਣੇ ਅਗੇ ਮੱਥਾ ਨਾ ਟਿਕਾਣਾਂ ਤੇ ਕਹਿਣਾ ਕੇ ਆਪਣਾ ਸੀਸ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਝੁਕਾਓ ਅਤੇ ਹਰ ਵਕਤ, ਹਰ ਸਮੇਂ ਮਨ, ਬਚਨ, ਕਰਮ ਤੋਂ ਸਿਰਫ ਗੁਰੂ ਮਤ ਨੂੰ ਹੀ ਅੱਗੇ ਰੱਖਣਾ ਅਤੇ ਸਦਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਤਰਜੀਹ ਦੇਣੀ ਅਤੇ ਗੁਰੂ ਪੰਥ ਦੇ ਆਸ਼ੇ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ, ਇਹ ਬਾਬਾ ਜੀ ਦੇ ਮੁੱਖ ਮੰਤਵ ਸਨ। ਇਸ ਤੋਂ ਇਲਾਵਾ ਸੰਗੀਤ ਨਾਲ ਅਥਾਹ ਪ੍ਰੇਮ ਤੇ ਸੰਗੀਤ ਦੀ ਪੂਰੀ ਤਰ੍ਹਾਂ ਜਾਣਕਾਰੀ ਆਪ ਜੀ ਨੂੰ ਸੀ, ਅਤੇ ਹਰ ਇਕ ਰਾਗ ਤਾਲ ਨੂੰ ਆਪ ਜੀ ਖੂਬ ਚੰਗੀ ਤਰ੍ਹਾਂ ਸਮਝਦੇ ਸਨ। ਇਹੀ ਵਜਾਹ ਸੀ ਕਿ ਆਪ ਜੀ ਦੀ ਪਾਰਖੂ ਅੱਖ ਨੇ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਦੀ ਸੰਗੀਤ ਦੀਆਂ ਖੂਬੀਆਂ ਪਛਾਣ ਕੇ ਉਨ੍ਹਾਂ ਨੂੰ ਆਪਣੇ ਕੋਲ ਰੱਖ ਕੇ ਤੇ ਬੱਚਿਆਂ ਨੂੰ ਸੰਗੀਤ ਦੀ ਵਿਦਿਆ ਦੇਣ ਲਈ ਉਨ੍ਹਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਆਪਣੀ ਹੀ ਦੇਖ ਰੇਖ ਵਿਚ ਸੰਗੀਤ ਰਾਗ ਤੇ ਅਧਾਰਤ 'ਵਿਸਮਾਦ ਨਾਦ' ਜੈਸੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ। ਗੁਰਮਤਿ ਸੰਗੀਤ ਨਾਲ ਪ੍ਰਭਾਵਤ ਇਕ ਹੋਰ ਮਿਸਾਲ ਬਾਬਾ ਜੀ ਦੀ ਮੇਰੇ ਸਾਹਮਣੇ ਆ ਗਈ। ਅਕਤੂਬਰ 1992 ਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ, ਹੋਰ ਕਈ ਡੇਰਿਆਂ ਦੇ ਸੰਤ ਮਹਾਂਪੁਰਸ਼ ਆਪਣੇ ਆਪਣੇ ਜਥੇ ਲੈ ਕੇ ਪਹੁੰਚੇ ਹੋਏ ਸਨ ਤਾਂ ਉਹ ਸਾਰੇ ਮਹਾਂਪੁਰਸ਼ਾਂ ਨੇ ਬਾਬਾ ਜੀ ਅੱਗੇ ਇਕ ਪ੍ਰਸਤਾਵ ਰੱਖਿਆ ਕੇ ਢੋਲਕੀ ਚਿਮਟੇ ਵਾਲੇ ਮਹਾਂਪੁਰਸ਼ਾਂ ਨੂੰ ਵੀ ਸੰਗੀਤ ਸਮੇਲਨ ਵਿਚ ਹਿੱਸਾ ਲੈਣ ਦਾ ਸਮਾਂ ਦੇਣਾ ਚਾਹੀਦਾ ਹੈ ਤਾਂ ਬਾਬਾ ਜੀ ਨੇ ਬੜੇ ਦਲੇਰ ਤੇ ਸੱਚੇ ਲਫਜ਼ਾਂ ਵਿਚ ਇਹ ਉਤਰ ਦਿੱਤਾ ਕਿ ਇਹ ਸੰਗੀਤ ਸੰਮੇਲਨ ਰਾਗਾਂ ਤੇ ਅਧਾਰਤ ਹੈ ਹਾਂ ਜੇਕਰ ਤੁਹਾਡੇ ਵਿਚੋਂ ਕੋਈ ਨਿਰਧਾਰਤ ਰਾਗਾਂ ਤੇ ਕੀਰਤਨ ਕਰ ਸਕਦਾ ਹੈ ਤਾਂ ਬੜੀ ਖੁਸ਼ੀ ਨਾਲ ਹਿੱਸਾ ਲੈ ਸਕਦਾ ਹੈ ਅਤੇ ਉਨ੍ਹਾਂ ਬੜੇ ਖੁਲਾਸੇ ਲਫਜ਼ਾਂ ਵਿਚ ਇਹ ਗੱਲ ਕਹੀ, ਕਿ ਗੁਰੂ ਸਾਹਿਬਾਂ ਨੇ ਜਿਹੜੇ ਰਾਗਾਂ ਵਿਚ ਬਾਣੀ ਲਿਖੀ ਹੈ, ਜੇ ਉਨ੍ਹਾਂ ਰਾਗਾਂ ਵਿਚ ਹੀ ਕੋਈ ਕੀਰਤਨ ਕਰ ਸਕਦਾ ਹੈ ਤਾਂ ਹੀ ਉਹ ਅਸਲੀ ਰਾਗੀ ਹੈ, ਨਹੀਂ ਤਾਂ ਨਕਲੀ ਰਾਗੀ ਹੈ।

ਮੇਰੇ ਮਨ ਵਿਚ ਕਈ ਸਾਲਾਂ ਤੋਂ ਇਹ ਚਾਅ ਉਪਜ ਰਿਹਾ ਸੀ, ਤੇ ਸੋਚ ਰਿਹਾ ਸੀ, ਕੇ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਅਖੰਡ ਪਾਠ ਹੁੰਦਾ ਹੈ। ਇਸੇ ਤਰ੍ਹਾਂ ਸੰਪੂਰਨ

ਅਖੰਡ ਪਾਠ ਕੀਰਤਨ ਰਾਹੀਂ ਹੋਵੇ ਜੋ ਕੇ ਚੰਗੇ ਸਮਝਦਾਰ ਕਲਾਸੀਕਲ ਰਾਗ ਗਾਉਣ ਵਾਲੇ ਰਾਗੀ ਸਿੰਘ ਬਿਠਾ ਕੇ ਪੂਰੀ ਬਾਣੀ ਦਾ ਅਖੰਡ ਕੀਰਤਨ ਪਾਠ ਨਿਰਧਾਰਤ ਰਾਗਾਂ ਵਿਚ ਕਰਵਾਇਆ ਜਾਵੇ, ਸੋ ਇਹ ਯੋਜਨਾ ਮੇਰੇ ਮਨ ਵਿਚ ਹੀ ਸੀ ਤੇ ਉਦੋਂ ਮੈਂ ਮੁਰਾਦਾਬਾਦ ਸਿੰਘ ਸਭਾ ਵਿਖੇ ਕੀਰਤਨ ਦੀ ਡਿਊਟੀ ਕਰਦਾ ਸਾਂ ਤੇ ਮੁਰਾਦਾਬਾਦ ਹੀ ਮੈਂ ਅਖ਼ਬਾਰ ਵਿਚ ਪਹਿਲੀ ਵਾਰ ਪੜ੍ਹਿਆ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਨਿਰਧਾਰਤ ਰਾਗਾਂ ਤੇ ਅਧਾਰਤ ਕੀਰਤਨ ਦਰਬਾਰ ਕਰਵਾ ਰਹੇ ਹਨ। ਮੇਰੇ ਮਨ ਨੂੰ ਬੜੀ ਖੁਸ਼ੀ ਹੋਈ ਕਿ ਚਲੋ ਸੰਪੂਰਨ ਅਖੰਡ ਪਾਠ ਨਹੀਂ ਤਾਂ ਕਮ ਸੇ ਕਮ ਨਿਰਧਾਰਤ ਰਾਗਾਂ 'ਤੇ ਅਧਾਰਤ ਕੀਰਤਨ ਦਰਬਾਰ ਤਾਂ ਹੋ ਹੀ ਰਿਹਾ ਹੈ ਅਤੇ ਉਸ ਤੋਂ ਬਾਅਦ ਸੰਨ 1992 ਮਈ ਵਿਚ ਦਾਸ ਪੱਕੇ ਤੌਰ 'ਤੇ ਪਰਿਵਾਰ ਸਮੇਤ ਲੁਧਿਆਣੇ ਆ ਗਿਆ ਅਤੇ ਮੈਨੂੰ ਪਤਾ ਲੱਗਾ ਕੇ ਇਸ ਵਾਰ ਅਕਤੂਬਰ ਵਿਚ ਫਿਰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਹੋ ਰਿਹਾ ਹੈ, ਤਾਂ ਦਾਸ ਵੀ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਜਵੱਦੀ ਕਲਾਂ ਪਹੁੰਚ ਗਿਆ।

ਦਾਸ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਪਹਿਲੇ ਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਦੇ ਹੀ ਮਨ ਬੜਾ ਪ੍ਰਭਾਵਤ ਹੋਇਆ ਤੇ ਬਚਨ ਸੁਣ ਕੇ ਮਨ ਹੋਰ ਨਿਹਾਲ ਹੋ ਗਿਆ। ਦਾਸ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕੇ ਦਾਸ ਵੀ ਸੰਗੀਤ ਸਮਾਗਮ ਵਿਚ ਹਿੱਸਾ ਲੈਣਾ ਚਾਹੁੰਦਾ ਹੈ। ਪਹਿਲੇ ਤਾਂ ਬਾਬਾ ਜੀ ਨੇ ਮੈਥੋਂ ਪੂਰੀ ਜਾਣਕਾਰੀ ਮੰਗੀ, ਕਿ ਤੁਸੀਂ ਕਿਥੋਂ ਸਿੱਖਿਆ ਹੈ ਤੇ ਕੀ ਜਾਣਦੇ ਹੋ, ਤਾਂ ਦਾਸ ਨੇ ਆਪਣੀ ਪੂਰੀ ਜਾਣਕਾਰੀ ਦਿੱਤੀ ਕਿ ਅਲਾਹਾਬਾਦ ਪ੍ਰਯਾਗ ਸੰਗੀਤ ਸੰਮਤੀ ਤੋਂ ਦਾਸ ਨੇ ਸੰਗੀਤ ਦੀ ਬੀ ਏ ਫਸਟ ਡਵੀਜ਼ਨ ਵਿਚ ਕੀਤੀ ਹੈ। ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਤੇ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਤਖ਼ਤ ਸੀ ਪਟਨਾ ਸਾਹਿਬ ਵਿਖੇ ਕੀਰਤਨ ਦੀ ਡਿਊਟੀ ਕੀਤੀ ਹੈ। ਇਹ ਸੁਣ ਕੇ ਬਾਬਾ ਜੀ ਨੇ ਹੁਕਮ ਕੀਤਾ ਕੇ ਸਵੇਰੇ ਤੁਸੀਂ ਪਹਿਲੇ ਆਸਾ ਦੀ ਵਾਰ ਦਾ ਕੀਰਤਨ ਸੁਣਾਓ? ਉਸ ਦਿਨ ਸ਼ਾਇਦ ਐਤਵਾਰ ਸੀ ਦਾਸ ਨੇ ਆਪਣੇ ਜਥੇ ਸਮੇਤ ਸਵੇਰੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਬਾਬਾ ਜੀ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਤੇ ਮੈਂ ਹੈਰਾਨ ਰਹਿ ਗਿਆ ਜਦੋਂ ਉਨ੍ਹਾਂ ਨੇ ਮੈਨੂੰ ਕੀਰਤਨ ਵਿਚ ਗਾਏ ਸਾਰੇ ਸ਼ਬਦਾਂ ਦੇ ਵੇਰਵੇ ਦਿੱਤੇ ਤੇ ਨਾਲ ਇਹ ਵੀ ਦੱਸਿਆ ਕਿ ਕਿਹੜਾ ਸ਼ਬਦ ਤੁਸੀਂ ਕਿਸ ਰਾਗ ਵਿਚ ਪੜ੍ਹਿਆ ਹੈ। ਮੇਰਾ ਹੈਰਾਨ ਹੋਣਾ ਕੁਦਰਤੀ ਸੀ ਕਿਉਂਕਿ ਆਮ ਤੌਰ 'ਤੇ ਬਹੁਤ ਘੱਟ ਸੰਤ ਮਹਾਂਪੁਰਸ਼ ਐਸੇ ਹਨ ਜਿਹਨਾਂ ਨੂੰ ਸੰਗੀਤ ਬਾਰੇ ਇਤਨੀ ਜਾਣਕਾਰੀ ਹੋਵੇ। ਬਾਬਾ ਜੀ ਨੇ ਮੈਨੂੰ ਵੀ ਸੰਗੀਤ ਸੰਮੇਲਨ ਵਿਚ ਭਾਗ ਲੈਣ ਲਈ ਹੁਕਮ ਕੀਤਾ ਤਾਂ ਦਾਸ ਨੇ ਦੋ ਰਾਗਾਂ ਵਿਚ, ਦੋ ਸਮੇਂ ਕੀਰਤਨ ਵਿਚ ਭਾਗ ਲਿਆ ਸੀ। ਜਿਸ ਵਿਚ ਇਕ ਰਾਗ ਨਟ ਗਾਇਆ ਸੀ ਤੇ ਇਕ ਰਾਗ ਬਿਭਾਸ ਗਾਇਆ ਸੀ। ਬਾਬਾ ਜੀ ਨੇ ਪ੍ਰਸੰਨ ਹੋ ਕੇ ਦਾਸ ਦੇ ਜਥੇ ਨੂੰ ਸਨਮਾਨ ਵਜੋਂ ਇਕ ਸ਼ੀਲਡ ਬਖ਼ਸ਼ੀ ਜੋ ਕੇ ਅੱਜ ਤੱਕ ਬਾਬਾ ਜੀ ਦੇ ਹੱਥ ਦੀ ਨਿਸ਼ਾਨੀ ਸਾਡੇ ਘਰ ਦਾ ਸ਼ਿੰਗਾਰ ਬਣੀ ਹੋਈ ਹੈ। ਇਕ-ਇਕ ਗਰਮ ਸ਼ਾਲ ਜਥੇ ਨੂੰ ਤੇ ਬਹੁਤ ਸਾਰੀ ਮਾਇਆ ਵੀ ਬਖ਼ਸ਼ੀ ਤੇ ਦਾਸ ਨੂੰ ਹੁਕਮ ਕੀਤਾ ਕੇ ਤੁਸੀਂ ਹਰ ਮਹੀਨੇ ਜੋ ਦਸਵੀਂ ਦਾ ਦੀਵਾਨ ਹੁੰਦਾ ਹੈ ਉਸ ਵਿਚ ਹਾਜ਼ਰੀ ਭਰਿਆ ਕਰਨੀ। ਸੋ ਉਨ੍ਹਾਂ ਦੇ ਹੁਕਮ ਅਨੁਸਰ ਜਦੋਂ ਅਸੀਂ ਲੁਧਿਆਣੇ ਹੋਈਏ, ਹਰ ਦਸਵੀਂ 'ਤੇ ਹਾਜ਼ਰੀ ਭਰਦੇ ਰਹੇ ਹਾਂ ਤੇ ਅੱਗੇ ਵੀ ਭਰਦੇ ਰਹਾਂਗੇ।

# 'ਪਰਉਪਕਾਰ ਨਿਤ ਚਿਤਵਦੇ' ਸੰਤ ਬਾਬਾ ਸੁੱਚਾ ਸਿੰਘ ਜੀ 'ਜਵੱਦੀ ਵਾਲੇ'


**ਅਵਤਾਰ ਸਿੰਘ ਹੰਸ**

ਗੁਰੂ ਅਰਜਨ ਕੀਰਤਨ ਅਕੈਡਮੀ
ਪਟਿਆਲਾ ਗੇਟ, ਸੰਗਰੂਰ


ਸੇਵਾ ਸਿਮਰਨ ਤੇ ਪ੍ਰਉਪਕਾਰ ਦੇ ਮੁਜੱਸਮੇ, ਗੁਰਬਾਣੀ ਕੀਰਤਨ ਦੇ ਪਾਰਖੂ, ਰਸੀਏ, ਗੁਰਮਤਿ ਸੰਗੀਤ, ਪੁਰਾਤਨ ਸ਼ੁੱਧ ਕੀਰਤਨ ਪ੍ਰੰਪਰਾ ਦੇ ਪ੍ਰਚਾਰਕ, ਪੁਨਰ ਸਥਾਪਕ ਤੇ ਸੰਭਾਲਕਾਰ, ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ 'ਜਵੱਦੀ ਵਾਲੇ' ਗੁਰੂ ਦਰੋਂ ਵਰੋਸਾਏ, ਪਵਿਤਰ ਆਤਮਾ, ਬੰਦਗੀ, ਸੇਵਾ ਸਿਮਰਨ ਵਾਲੇ ਪੂਰਨ ਮਹਾਂਪੁਰਖ ਸਨ। ਜਿਨਾਂ ਨੇ ਥੋੜੇ ਜਿਹੇ ਸਮੇ ਵਿੱਚ ਗੁਰਮਤਿ ਸੰਗੀਤ ਦੀ ਸੰਭਾਲ ਲਈ ਬਹੁਤ ਵੱਡੇ ਕ੍ਰਿਸ਼ਮੇ ਕੀਤੇ। ਵੱਡੇ-ਵੱਡੇ ਕਾਰਜ ਅਰੰਭੇ, ਉਨ੍ਹਾਂ ਵਿਚ ਸਫਲਤਾ ਪ੍ਰਾਪਤ ਕੀਤੀ। ਮਹਾਪੁਰਖਾਂ ਨੇ ਛੋਟੀ ਉਮਰ ਵਿੱਚ ਸੰਕੇਤ ਮੰਡੀ (ਬੜੂ ਸਾਹਿਬ) ਦੇ ਪਹਾੜਾਂ ਵਿੱਚ ਕਠਨ ਤਪੱਸਿਆ ਕੀਤੀ ਕਈ-ਕਈ ਦਿਨ ਲਗਾਤਾਰ ਸਮਾਧੀ ਵਿੱਚ ਲੀਨ ਰਹਿੰਦੇ। ਸਰੀਰਕ ਦੁਖ ਸੁਖ ਬਹੁਤ ਆਉਂਦੇ ਪਰ ਆਪ ਜੀ ਪ੍ਰਭ ਪਿਆਰ ਵਿਚ ਮਹਾਨ ਰਹਿੰਦੇ ਸਿਰੜੀ ਹਠੀਲੇ ਪੁਰਸ਼ ਸਨ ਜੋ ਮਨ ਵਿੱਚ ਚਿਤਵ ਲੈਂਦੇ ਪੂਰਾ ਕਰਕੇ ਦਮ ਲੈਂਦੇ। ਸ਼ੁਰੂ ਤੋਂ ਹੀ ਆਪ ਜੀ ਦੇ ਮਨ ਵਿੱਚ ਗੁਰਮਤਿ ਸੰਗੀਤ ਲਈ ਕੁਝ ਕਰਨ ਦੀ ਤਮੰਨਾ ਸੀ। ਕਹਿੰਦੇ ਹੁੰਦੇ ਸਨ ਕਿ ਅਸੀ ਭਜਨ ਬੰਦਗੀ ਕਰ ਕੇ ਅਕਾਲ ਪੁਰਖ ਤੋਂ ਇਹੋ ਹੀ ਮੰਗ ਰਹੇ ਹਾਂ ਕਿ ਅਸੀ ਅਪਣੇ ਮਿਸ਼ਨ ਵਿੱਚ ਸਫਲ ਹੋਈਏ। ਅਕਾਲ ਪੁਰਖ ਜੀ ਨੇ ਅਰਦਾਸ ਬੇਨਤੀਆਂ ਪ੍ਰਵਾਨ ਕੀਤੀਆਂ, ਥੋੜੇ ਸਮੇ ਵਿਚ ਹੀ ਟਕਸਾਲ ਅਤੇ ਕੀਰਤਨ ਵਿਦਿਆਲੇ ਅਰੰਭ ਹੋ ਗਏ। ਗੁਰਬਾਣੀ ਕੀਰਤਨ ਦੀ ਅਜੋਕੀ ਹਾਲਤ ਤੋ ਆਪ ਬਹੁਤ ਚਿੰਤਤ ਸਨ। ਫਿਲਮੀ ਟਿਊਨਾਂ ਤੇ ਕੀਰਤਨ ਰੁਝਾਨ ਵੇਖ ਕੇ ਇਹਨਾਂ ਦੇ ਮਨ ਨੂੰ ਬਹੁਤ ਦੁਖ ਹੁੰਦਾ। ਆਪ ਚਾਹੁੰਦੇ ਸਨ ਕਿ ਕੀਰਤਨ ਗੁਰੂ ਸਾਹਿਬ ਵਲੋਂ ਬਖਸ਼ਿਸ ਹੋਈ ਮਰਯਾਦਾ ਅਨੁਸਾਰ ਨਿਰਧਾਰਤ ਰਾਗਾਂ ਵਿੱਚ ਹੀ ਹੋਵੇ।

ਸੰਗੀਤ ਸਬੰਧੀ ਆਪ ਚੰਗੀ ਸੋਝੀ ਰੱਖਦੇ ਸਨ, ਸੰਗੀਤ ਦੀਆਂ ਬਰੀਕੀਆਂ ਤੋਂ ਜਾਣੂ ਸਨ। ਗੁਣੀਜਨ ਕੀਰਤਨੀਆਂ ਦਾ ਕੀਰਤਨ ਸੁਣ ਕੇ ਬਹੁਤ ਪ੍ਰਸੰਨ ਹੁੰਦੇ। ਸਾਰਿਆਂ ਨੂੰ ਬੜਾ ਮਾਣ ਸਤਿਕਾਰ ਪਿਆਰ ਬਖ਼ਸ਼ਦੇ ਸਨ। ਬਾਬਾ ਜੀ ਬਹੁਤ ਹੀ ਮਿਲਾਪੜੇ ਸਨ। ਗੁਰਮਤਿ ਸੰਗੀਤ ਵਿਰਸੇ ਦੀ ਸੰਭਾਲ ਲਈ ਆਪ ਜੀ ਨੇ ਨਿੱਗਰ ਜਤਨ ਅਰੰਭੇ। 1991 ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਵਿਖੇ ਆਯੋਜਿਤ ਕੀਤਾ। ਪੰਥ ਪ੍ਰਸਿਧ ਵਿਦਵਾਨ ਕੀਰਤਨੀਆਂ ਨੇ ਇਸ ਸੰਮੇਲਨ ਵਿੱਚ ਭਾਗ ਲਿਆ। ਲੱਖਾਂ ਸੰਗਤਾਂ ਨੇ ਗੁਰੂ ਸਾਹਿਬ ਵਲੋ ਬਖਸ਼ੀ ਕੀਰਤਨ ਮਰਯਾਦਾ ਅਨੁਸਾਰ ਕੀਰਤਨ ਦਾ ਅਨੰਦ ਮਾਣਿਆ। ਸਭ ਨੇ ਆਪਣੀ ਜ਼ਿੰਦਗੀ ਵਿਚੋਂ ਪਹਿਲੀ ਵਾਰ ਐਸੇ ਅਲੌਕਿਕ ਸੰਮੇਲਨ ਦੇ ਨਜਾਰੇ ਲਏ। ਪੰਥ ਦੇ ਪ੍ਰਸਿਧ ਕੀਰਤਨੀਆਂ ਸੰਗੀਤ ਵਿਦਵਾਨਾਂ ਪ੍ਰੋਫੈਸਰਾਂ, ਪ੍ਰਿੰਸੀਪਲਾਂ ਤੇ ਉਸਤਾਦਾਂ ਦੇ ਖੁਲ੍ਹੇ ਦਰਸ਼ਨ ਦੀਦਾਰੇ ਕੀਤੇ। ਤੇ ਉਚ ਪੱਧਰ ਦੇ ਕੀਰਤਨ ਦਾ ਅਨੰਦ ਮਾਣਿਆ।

ਇਸ ਸੰਮੇਲਨ ਵਾਸਤੇ ਰਾਗੀ ਸਿੰਘਾਂ ਨਾਲ ਸੰਪਰਕ ਲਈ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਪ੍ਰੋ. ਪਰਮਜੋਤ ਸਿੰਘ ਮੁੱਲਾਂਪੁਰ, ਮੈਨੇਜਰ ਭਾਈ ਜਸਬੀਰ ਸਿੰਘ ਜਵੱਦੀ ਅਤੇ ਸਾਰੀਆਂ ਸਿੱਖ ਸੰਗਤਾਂ ਨੂੰ ਬਾਬਾ ਜੀ ਨੂੰ ਪੂਰਨ ਸਹਿਯੋਗ ਦੇ ਕੇ ਕਾਰਜ ਨੇਪਰੇ ਚੜ੍ਹਾਏ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਪ੍ਰਸਿੱਧ ਸੰਗੀਤਕਾਰ ਪੰਡਤ ਦਲੀਪ ਚੰਦਰ ਬੇਦੀ ਜੀ ਦੀ ਸਰਪ੍ਰਸਤੀ ਹੇਠ ਗੁਰਮਤਿ ਸੰਗੀਤ ਦੇ ਵਿਦਵਾਨ ਪ੍ਰਿੰ. ਰਜਿੰਦਰ ਸਿੰਘ ਲਖਨਊ, ਡਾ. ਅਜੀਤ ਸਿਘ ਪੇਂਟਲ, ਸਿੰਘ ਬੰਧੂ ਜੀ, ਭਾਈ ਬਲਬੀਰ ਸਿਘ, ਪ੍ਰੋ. ਕਰਤਾਰ ਸਿੰਘ, ਪ੍ਰਿੰ. ਬਲਦੇਵ ਸਿੰਘ, ਪ੍ਰਿੰ. ਜਸਵੰਤ ਸਿੰਘ ਭੰਵਰਾ, ਡਾ. ਗੁਰਨਾਮ ਸਿੰਘ ਆਦਿ ਵਿਦਵਾਨਾਂ ਨੂੰ ਇਕੱਤਰ ਕਰਕੇ ਰਾਗ ਨਿਰਣੈ ਕਮੇਟੀ ਕਾਇਮ ਕੀਤੀ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁਖ ਰਾਗਾਂ ਅਤੇ 31 ਮਿਸ਼ਰਤ ਰਾਗਾਂ ਦੇ ਪੁਰਤਨ ਸੰਗੀਤ ਗ੍ਰੰਥਾਂ ਤੇ ਰਿਕਾਰਡਿਗਾਂ ਦੇ ਅਧਾਰ ਤੇ ਸ਼ੁੱਧ ਸਰੂਪ ਨਿਸਚਿਤ ਕੀਤੇ। ਰਾਗਾਂ ਸਬੰਧੀ ਸੰਗੀਤ ਅਧਿਆਪਕਾਂ ਕੀਰਤਨੀਆਂ ਨੂੰ ਬਹੁਤ ਦਿਕੱਤ ਆਉਂਦੀ ਸੀ। ਬਾਬਾ ਜੀ ਨੇ ਅਪਾਰ ਕ੍ਰਿਪਾ ਕਰਕੇ ਇਸ ਘਾਟ ਨੂੰ ਪੂਰਾ ਕੀਤਾ। ਇਹ ਬਾਬਾ ਜੀ ਦੀ ਸਿੱਖ ਪੰਥ ਨੂੰ ਬਹੁਤ ਵੱਡੀ ਦੇਣ ਹੈ। ਇਸ ਨਾਲ ਗੁਰਮਤਿ ਸੰਗੀਤ ਪੱਧਤੀ ਦੀ ਵੱਖਰੀ ਪਹਿਚਾਣ ਬਣ ਗਈ ਹੈ।

ਸੰਤ ਬਾਬਾ ਜੀ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਨੂੰ ਅਰੰਭ ਰੱਖਿਆ। ਕਈ ਸਾਲ ਜਵੱਦੀ ਅਤੇ 1996 ਵਿੱਚ ਸ੍ਰੀ ਹਜ਼ੂਰ ਸਾਹਿਬ ਅਤੇ ਵਿਸਵ ਸਿੱਖ ਸੰਮੇਲਨ ਸ੍ਰੀ ਅੰਮ੍ਰਿਤਸਰ ਵਿਖੇ ਸੰਗੀਤ ਸੰਮੇਲਨ ਆਯੋਜਿਤ ਕੀਤੇ। ਲੱਖਾਂ ਸੰਗਤਾਂ ਨੂੰ ਅਨੰਦ ਮਾਣਿਆ। ਇਨਾਂ ਸੰਮੇਲਨਾਂ ਵਿੱਚ ਬਾਬਾ ਜੀ ਨੇ ਵਿਦਵਾਨ ਕੀਰਤਨੀਆਂ ਨੂੰ ਗੁਰਮਤਿ ਸੰਗੀਤ

ਐਵਾਰਡਾਂ ਨਾਲ ਸਨਮਾਨਿਤ ਕੀਤਾ।

ਸੰਤ ਬਾਬਾ ਜੀ ਨੇ ਗੁਰਮਤਿ ਸੰਗੀਤ ਦੀ ਪੁਨਰ ਸਥਾਪਤੀ ਲਈ ਅਨੇਕਾਂ ਮਹਾਨ ਕਾਰਜ ਕੀਤੇ ਗੁਰਮਤਿ ਸੰਗੀਤ ਸਬੰਧੀ ਪੁਸਤਕਾਂ, ਕੈਸਟਾਂ, ਰਾਗਾਂ ਦੇ ਸਚਿੱਤਰ, ਤਿਆਰ ਕਰਵਾਈਆਂ। ਜਵੱਦੀ ਵਿਖੇ ਗੁਰਮਤਿ ਸੰਗੀਤ ਦੇ ਪ੍ਰਮੁੱਖ ਸਾਜ ਬੜੀ ਦੂਰੋ ਦੂਰੋਂ ਪ੍ਰਾਪਤ ਕਰਕੇ ਸਸ਼ੋਭਿਤ ਕੀਤੇ। ਇਕ ਸਾਜ 'ਸਰੰਦਾ' ਬਾਬਾ ਜੀ ਨੂੰ ਭਾਈ ਬਲਦੇਵ ਸਿੰਘ ਮਸਤਾਨਾ ਜੀ ਨੇ ਭੇਟ ਕੀਤਾ। ਮਸਤਾਨਾ ਜੀ ਬੜੂ ਸਾਹਿਬ ਵੇਲੇ ਬਾਬਾ ਜੀ ਦੀ ਸੇਵਾ ਵਿਚ ਰਹੇ। ਦਾਸ ਦੇ ਵੀ ਮਿੱਤਰ ਹਨ ਉਨ੍ਹਾਂ ਨੇ ਵੀ ਬਾਬਾ ਜੀ ਬਾਰੇ ਜਾਣਕਾਰੀ ਦਾਸ ਨੂੰ ਦਿਤੀ। ਦਾਸ ਨੂੰ ਵੀ ਕਈ ਵਾਰ ਬਾਬਾ ਜੀ ਦੇ ਖੁਲ੍ਹੇ ਦਰਸਨ ਦੀਦਾਰ ਕਰਨ ਦਾ ਸੁਭਾਗ ਮਿਲਿਆ। ਗੁਰਮਤਿ ਸੰਗੀਤ ਦੀ ਇਸ ਮਹਾਨ ਸੇਵਾ ਸਦਕਾ ਬਾਬਾ ਜੀ ਦਾ ਨਾਂ ਮੁਦੱਤਾਂ ਤੱਕ ਬੜੇ ਮਾਣ ਪਿਆਰ ਸਤਿਕਾਰ ਨਾਲ ਲਿਆ ਜਾਵੇਗਾ।

ਅੰਤ ਵਿੱਚ ਦਾਸ ਸਮੂਹ ਗੁਰਮਤਿ ਸੰਗੀਤ ਪ੍ਰੇਮੀ ਸੰਗਤਾਂ ਨੂੰ ਜਵੱਦੀ ਟਕਸਾਲ ਦੀ ਪ੍ਰਬੰਧਕ ਕਮੇਟੀ ਨੂੰ ਸ਼੍ਰੋਮਣੀ ਕਮੇਟੀ, ਅੰਮ੍ਰਿਤ ਕੀਰਤਨ ਟਰੱਸਟ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਦਾ ਹੈ ਕਿ ਆਪਾਂ ਸਾਰੇ ਇਕੱਠੇ ਹੋ ਕੇ ਬਾਬਾ ਜੀ ਦੀ ਯਾਦ ਵਿੱਚ ਹਰ ਸਾਲ ਇੱਕ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਕਰੀਏ। ਤਾਂ ਕਿ ਮਹਾਂਪੁਰਖਾਂ ਦੇ ਪੂਰੇ ਸੁਪਨੇ ਸਾਕਾਰ ਹੋਣ। ਇਹੋ ਹੀ ਬਾਬਾ ਜੀ ਨੂੰ ਸੱਚੀ ਸਰਧਾਂਜ਼ਲੀ ਹੋਵੇਗੀ।

ਬੜੇ ਹੀ ਗੁਰੂ ਪਿਆਰੇ, ਨਿੱਘੇ-ਮਿੱਠੇ, ਸੁੰਦਰ-ਸੁਨੱਖੇ ਅਤੇ ਅਤੀ ਸਨਮਾਨਯੋਗ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਮੈਨੂੰ ਪਹਿਲੀ ਵਾਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਪ੍ਰਾਪਤ ਹੋਇਆ ਹੈ। ਉਦੋਂ ਉਥੇ ਅਸੀਂ ਵੈਰਾਗ ਤੇ ਸੂਰਬੀਰਤਾ ਦੇ ਪੁੰਜ ਅਤੇ ਸਿਦਕ ਤੇ ਕੁਰਬਾਨੀ ਦੇ ਪੁਤਲੇ, ਬਾਬਾ ਬੰਦਾ ਸਿੰਘ ਬਹਾਦਰ ਜੀ, ਦੀ ਯਾਦ ਤੇ ਧੰਨਵਾਦ ਵਜੋਂ, ਉਨ੍ਹਾਂ ਦੇ ਨਾਂ ਉਤੇ ਇੰਜੀਨੀਅਰਿੰਗ ਕਾਲਜ ਦੀ ਨੀਂਹ ਰਖਾਈ ਦੇ ਸਬੰਧ ਹਾਜ਼ਰ ਹੋਏ ਸਾਂ। ਉਸੇ ਸਬੰਧ ਉਥੇ ਹੋਏ ਦੀਵਾਨ ਵਿਚ ਪਰਗਟ ਕੀਤੇ ਮੇਰੇ ਤਿਲ ਫੁਲ ਵਿਚਾਰ ਉਨ੍ਹਾਂ ਨੂੰ ਪਸੰਦ ਆਏ ਸਨ ਅਤੇ ਚੰਗੇ ਭਾਗੀਂ, ਲੰਗਰ ਛਕਣ ਸਮੇਂ ਸਾਨੂੰ ਇਕੱਠੇ ਬੈਠਣ 'ਤੇ ਕੁਝ ਪੰਥਕ ਵਿਚਾਰ ਸਾਂਝੇ ਕਰਨ ਦਾ ਅਵਸਰ ਪ੍ਰਾਪਤ ਹੋਇਆ ਸੀ। ਉਸ ਸੰਖੇਪ ਜਿਹੀ ਮਿਲਣੀ ਤੇ ਗੱਲਬਾਤ ਦੌਰਾਨ ਉਨ੍ਹਾਂ ਦੀ ਤੇਜੱਸਵੀ ਸ਼ਖਸੀਅਤ, ਹਸਮੁਖ ਸੁਭਾਅ, ਸਿੱਖੀ ਸਿਦਕ, ਪੰਥਕ ਪਿਆਰ ਅਤੇ ਪੰਥ ਲਈ ਨਿਗਰ, ਉਸਾਰੂ ਤੇ ਯਾਦਗਾਰੀ ਸੇਵਾ ਦੇ ਚਾਅ ਦੀਆਂ ਕੁਝ ਝਲਕਾਂ ਤੇ ਖ਼ਿਆਲਾਂ ਨੇ ਮਾਨੋ ਮੈਨੂੰ ਮੋਹ ਹੀ ਲਿਆ ਸੀ।

ਉਸ ਤੋਂ ਬਾਅਦ ਉਨ੍ਹਾਂ ਵਲੋਂ ਕਈ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸ਼ੁਭ ਸੱਦੇ ਆਉਂਦੇ ਹੀ ਰਹੇ, ਪਰ ਮੈਂ ਦੇਸ਼-ਪ੍ਰਦੇਸ਼ ਦੇ ਕਈ ਰੁਝੇਵਿਆਂ ਕਾਰਨ ਚਿੱਠੀਆਂ ਰਾਹੀਂ ਹੀ ਧੰਨਵਾਦ, ਸਤਿਕਾਰ ਤੇ ਸ਼ੁਭ ਕਾਮਨਾ ਪਰਗਟ ਕਰਦਾ ਰਿਹਾ। ਪਰ ਜਦੋਂ ਉਨ੍ਹਾਂ ਨੇ ਅਮਰੀਕਾ ਤੋਂ ਆਏ ਸਿੰਘ ਸਾਹਿਬ ਯੋਗੀ ਹਰਿਭਜਨ ਸਿੰਘ ਜੀ ਦੀ ਆਵੰਦ ਦੇ ਸਬੰਧ, ਜਵੱਦੀ ਕਲਾਂ ਸਮਾਗਮ ਕੀਤਾ ਤਾਂ ਪਹਿਲੀ ਵਾਰ ਉਥੇ ਉਨ੍ਹਾਂ ਦੀ ਕਾਇਮ ਕੀਤੀ ਟਕਸਾਲ ਵਿਖੇ ਹਾਜ਼ਰ ਹੋਣ ਦਾ ਸ਼ੁਭ ਅਵਸਰ ਵੀ ਪ੍ਰਾਪਤ ਹੋਇਆ। ਉਸ ਦੌਰਾਨ ਉਨ੍ਹਾਂ ਦੇ ਉੱਦਮ, ਉਤਸ਼ਾਹ, ਸ਼ਰਧਾ, ਸਿਦਕ, ਸੇਵਾ, ਸਿਲਸਿਲਾ, ਪ੍ਰਸਿੱਧੀ ਤੇ ਲੋਕਪ੍ਰਿਯਤਾ ਦੇ ਹੋਏ ਦੀਦਾਰਿਆਂ ਨੇ ਹੋਰ ਪ੍ਰਭਾਵਿਤ ਕਰ ਦਿੱਤਾ।

ਤੀਜੀ ਵਾਰ ਸਾਡਾ ਮੇਲ-ਮਿਲਾਪ ਉਦੋਂ ਹੋਇਆ ਜਦੋਂ ਉਨ੍ਹਾਂ ਨੇ ਖ਼ਾਲਸਾ ਜੀ ਦੀ ਤੀਜੀ ਸਾਜਨਾ-ਸ਼ਤਾਬਦੀ ਦੀ ਪਾਵਨ ਤੇ ਇਤਿਹਾਸਕ ਯਾਦ ਵਿਚ ਪੰਜ ਪਿਆਰਿਆਂ ਦੀ ਸੰਸਥਾ ਬਾਰੇ ਸੈਮੀਨਾਰ ਵਿਉਂਤਿਆ ਤੇ ਪ੍ਰਬੰਧਿਆ ਅਤੇ ਉਸ ਵਿਚ ਹਾਜ਼ਰ ਹੋਣ ਦੇ ਖੋਜ ਪੱਤਰ ਭੇਟਾ ਕਰਨ ਲਈ ਬੜੇ ਪਿਆਰ ਨਾਲ ਅਜਿਹਾ ਸੱਦਾ ਘੱਲਿਆ ਕਿ ਉਸ ਤੋਂ ਨਾਬਰ ਨਾ ਹੋ ਸਕਿਆ। ਪੇਪਰ ਪੜ੍ਹਨ ਤੋਂ ਬਾਅਦ, ਉਨ੍ਹਾਂ ਨੇ ਆਪਣੇ ਕਮਰੇ ਵਿਚ ਹਾਜ਼ਰ ਹੋਣ ਲਈ ਬੁਲਾਇਆ ਅਤੇ ਜਿਸ ਪਿਆਰ ਤੇ ਸਨਮਾਨ ਨਾਲ ਸਰੋਪੇ ਸਹਿਤ ਨਿਵਾਜਿਆ, ਉਹ ਜੀਵਨ ਦੀ ਇਕ ਅਭੁੱਲ ਯਾਦ ਬਣ ਗਿਆ ਹੈ।

ਤੇ ਆਖ਼ਰੀ ਵਾਰ ਮੈਨੂੰ ਉਨ੍ਹਾਂ ਨਾਲ ਲੁਧਿਆਣੇ ਸ਼ਹਿਰ ਵਿਖੇ ਮੁੜ ਮਿਲ ਸਕਣ ਦਾ ਸਬੱਬ ਬਣ ਗਿਆ। ਉਦੋਂ ਉਥੇ ਅਸੀਂ ਮਾਨਯੋਗ ਸ੍ਰ. ਮਨਜੀਤ ਸਿੰਘ ਕਲਕੱਤਾ ਜੀ (ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਸਿੱਖਿਆ ਮੰਤਰੀ, ਪੰਜਾਬ ਸਰਕਾਰ) ਦੇ ਸਪੁੱਤਰ ਜੀ ਦੇ ਸ਼ੁਭ ਆਨੰਦ ਕਾਰਜ ਸਮੇਂ ਮਿਲੇ-ਗਿਲੇ ਸਾਂ। ਉਸ ਸਬੰਧੀ ਦੀਵਾਨ ਦੀ ਸਮਾਪਤੀ 'ਤੇ, ਉਨ੍ਹਾਂ ਮੈਨੂੰ ਕਲਾਵੇ ਵਿਚ ਲੈਂਦਿਆਂ ਆਖਿਆ, 'ਬੜੇ ਹੀ ਥੋੜ੍ਹੇ ਸਮੇਂ ਵਿਚ ਸਿੱਖ ਵਿਆਹ ਦੀ ਮਹੱਤਤਾ ਅਤੇ ਉਸ ਦੌਰਾਨ ਉਚਾਰੀਆਂ ਗਈਆਂ ਲਾਵਾਂ ਦੀ ਮਹਿਮਾ ਤੇ ਵਿਆਖਿਆ ਵਿਚ ਜੋ ਕੁਝ ਤੁਸਾਂ ਬੋਲਿਆ ਹੈ, ਅਜਿਹੇ ਮੌਕੇ 'ਤੇ ਅਜਿਹਾ ਬਿਆਨ ਮੈਂ ਪਹਿਲਾ ਕਦੇ ਨਹੀਂ ਸੁਣਿਆ... ਤੁਹਾਡੇ ਉਤੇ ਸਤਿਗੁਰੂ ਦੀ ਅਪਾਰ ਬਖ਼ਸ਼ਿਸ਼ ਹੈ। ਮੈਂ ਧੰਨਵਾਦ ਤੇ ਸਤਿਕਾਰ ਵਜੋਂ ਝੁਕਣ ਹੀ ਲੱਗਾ ਸਾਂ ਤਾਂ ਉਨ੍ਹਾਂ ਨੇ ਮੁੜ ਕਲਾਵੇ ਵਿਚ ਲੈ ਕੇ ਹੋਰ ਪਿਆਰ ਤੇ ਅਸੀਸਾਂ ਨਾਲ ਨਿਵਾਜ ਦਿੱਤਾ।

*ਡਾ. ਹਰਨਾਮ ਸਿੰਘ ਸ਼ਾਨ*

# ਗੁਰਮਤਿ ਫਲਸਫੇ ਦੇ ਪਰਿਪੇਖ ਵਿਚ

ਗੁਰਵੇਲ ਸਿੰਘ

ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ, ਵਿੰਨਸੈਟ ਹਿੱਲ ਸ਼ੰਗਰੀਲਾ, ਮਸੂਰੀ 248 179

ਗੁਰਮਤਿ ਫਲਸਫਾ ਸਮੁੱਚੇ ਰੂਪ ਵਿਚ ਸੁਚੱਜੇ ਮਨੁੱਖੀ ਜੀਵਨ ਦਾ ਵਿਗਿਆਨ ਹੈ। ਸਿੱਖ ਫਿਲਾਸਫੀ ਵਿਚ ਰੂੜੀਵਾਦੀ ਧਾਰਨਾਵਾਂ, ਅੰਧ ਵਿਸ਼ਵਾਸ਼ਾਂ, ਵਹਿਮਾਂ-ਭਰਮਾਂ, ਵਿਤਕਰੇ-ਵੰਡੀਆਂ ਅਤੇ ਹਉਮੈਂ ਭਰਪੂਰ ਸਵਾਰਥੀ ਬ੍ਰਿਤੀਆਂ ਲਈ ਕੋਈ ਥਾਂ ਨਹੀਂ ਹੈ। ਇਸ ਫਲਸਫੇ ਨੂੰ ਮਾਨਵੀ ਕਦਰਾਂ ਦਾ ਗੁਣ ਨਿਧਾਨ ਵੀ ਕਿਹਾ ਜਾ ਸਕਦਾ ਹੈ। ਜੋ ਇਕ ਨਰੋਏ, ਨੈਤਿਕ ਅਤੇ ਅਧੁਨਿਕ ਸਮਾਜ ਦੀ ਸਿਰਜਣਾ ਦੇ ਪੂਰੀ ਤਰ੍ਹਾਂ ਸਮਰੱਥ ਹੈ, ਬਸ਼ਰਤੇ ਮਨੁੱਖ ਇਸ ਦੇ ਸਿਧਾਂਤਕ ਮੁੱਲਾਂ ਨੂੰ ਸਹੀ ਰੂਪ ਵਿਚ ਸਮਝਣ ਅਤੇ ਅਪਨਾਉਣ ਦਾ ਅਭਿਲਾਸ਼ੀ ਹੋਵੇ।

ਗੁਰਮਤਿ ਫਲਫਸੇ ਵਿਚ ਦੋਹਰੇ ਮਾਪ-ਦੰਡਾਂ ਲਈ ਕੋਈ ਥਾਂ ਨਹੀਂ। ਭਾਵ ਕਿਸੇ ਨੂੰ ਖਾਸ (ਵੀ ਆਈ ਪੀ) ਸਮਝ ਕੇ ਲੋੜੋਂ ਵੱਧ ਮਾਣ-ਸਤਿਕਾਰ ਦੇਣਾ ਅਤੇ ਕਿਸੇ ਨੂੰ ਜਨ-ਸਧਾਰਨ ਸਮਝ ਕੇ ਨਜ਼ਰ-ਅੰਦਾਜ਼ ਕਰਨਾ ਸਿੱਖ ਫਲਸਫੇ ਦੇ ਅਨੁਕੂਲ ਨਹੀਂ ਹੈ ਪ੍ਰੰਤੂ ਵਿਅਕਤੀਗਤ ਰੂਪ ਵਿਚ ਇਹ ਦੋਸ਼ ਬਹੁਤ ਸਾਰੀਆਂ ਸਿੱਖ ਧਾਰਮਿਕ ਹਸਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਬਾਬਾ ਸੁੱਚਾ ਸਿੰਘ ਜੀ ਪੂਰੀ ਤਰ੍ਹਾਂ ਇਸ ਦੋਸ਼ ਤੋਂ ਨਿਰਲੇਪ ਸਨ। ਉਨ੍ਹਾਂ ਵਿਚੋਂ ਕਦੇ ਵੀ ਇਸ ਅਵਗੁਣ ਦੀ ਝਲਕ ਨਹੀਂ ਪਈ ਸੀ ਕਿ ਕਿਸੇ ਦੀ ਮੂੰਹ ਤੇ ਪ੍ਰਸੰਸਾ ਕੀਤੀ ਜਾਵੇ ਪਰ ਪਿੱਠ ਪਿੱਛੇ ਨਿੰਦਿਆ। ਪਦਾਰਥਕ ਲਾਲਚਾਂ ਕਾਰਨ ਨਾ ਚਾਹੁੰਦੇ ਹੋਇਆਂ ਵੀ ਕਿਸੇ ਨੂੰ ਮਾਣ-ਸਤਿਕਾਰ ਦੇਣਾ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਕੋਹਾਂ ਦੂਰ ਸੀ। ਉਹ ਗੁਰਮਤਿ ਦੇ ਇਸ ਸਿਧਾਂਤ ਦੇ ਧਾਰਨੀ ਸਨ ਕਿ:

*ਜਿਨ ਮਨ ਹੋਰ ਮੁਖਿ ਹੋਰ ਸੇ ਕਾਂਢੇ ਕਚਿਆ॥*

(ਸਲੋਕ ਸ਼ੇਖ ਫਰੀਦ ਜੀ ਕੇ)

ਉਨ੍ਹਾਂ ਦਾ ਕਿਰਦਾਰ ਤੇ ਵਿਵਹਾਰ ਜੋ ਮਨ ਵਿਚ ਹੁੰਦਾ ਸੀ, ਉਹੋ ਹੀ ਮੁੱਖੋਂ ਪ੍ਰਗਟ ਹੁੰਦਾ ਸੀ। ਇਸ ਤਰ੍ਹਾਂ ਉਨ੍ਹਾਂ ਦਾ ਸੁਭਾਅ ਇਕ ਖੁੱਲ੍ਹੀ ਹੋਈ ਹਰਮਨ-ਪਿਆਰੀ ਕਿਤਾਬ ਵਰਗਾ ਸੀ।

ਮੂੰਹੋਂ ਰਾਮ-ਰਾਮ ਬਗਲ ਮੇਂ ਛੁਰੀ ਵਾਲਾ ਦੋਸ਼ ਧਰਮ ਪ੍ਰਚਾਰਕ ਸ਼੍ਰੇਣੀ ਵਿਚ ਆਮ ਪਾਇਆ ਜਾਂਦਾ ਹੈ। ਜਿਸ ਦੇ ਫਲਸਰੂਪ ਈਰਖਾ, ਦ੍ਵੈਸ਼ ਅਤੇ ਅਤੀ-ਸੰਕੋਚ ਉਨ੍ਹਾਂ ਦੇ ਸੁਭਾਅ ਦਾ ਅਟੁੱਟ ਹਿੱਸਾ ਬਣ ਜਾਂਦੇ ਹਨ, ਅਜਿਹੇ ਲੋਕ ਮਨੋਂ ਚਾਹੁੰਦੇ ਹੋਇਆਂ ਵੀ ਕਿਸੇ ਨਾਲ ਘੁਲਣਾ-ਮਿਲਣਾ ਅਤੇ ਹਾਸਾ-ਮਜ਼ਾਕ ਕਰਨਾ ਵਾਜਬ ਨਹੀਂ ਸਮਝਦੇ ਕਿ ਕਿਤੇ ਇਹ ਸਭ ਕੁਝ ਕਿਵੇਂ ਉਨ੍ਹਾਂ ਦੇ ਪ੍ਰਭਾਵ ਨੂੰ ਠੇਸ ਨਾ ਪਹੁੰਚਾ ਦੇਵੇ। ਇਸ ਤਰ੍ਹਾਂ ਆਪਣੇ ਆਪ ਨੂੰ ਸਾਧ (ਸਿੱਧੇ-ਸਾਦੇ) ਕਹਾਉਣ ਵਾਲਿਆਂ ਦਾ ਮਾਨਸਿਕ ਜੀਵਨ ਸਭ ਤੋਂ ਵੱਧ ਅਸਾਧ (ਜਟਿਲ) ਹੋ ਜਾਂਦਾ ਹੈ ਅਤੇ ਸਾਧ ਸੁਭਾਅ ਵਾਲਾ ਸਹਿਜ ਅਨੰਦ ਉਨ੍ਹਾਂ ਨੂੰ ਕਦੇ ਵੀ ਪ੍ਰਾਪਤ ਨਹੀਂ ਹੁੰਦਾ। ਪ੍ਰੰਤੂ ਬਾਬਾ ਜੀ ਦਾ ਜਿੱਥੇ ਪਹਿਰਾਵਾ ਸੂਰਬੀਰ ਯੋਧਿਆਂ (ਨਿਹੰਗ ਸਿੰਘਾਂ) ਵਾਲਾ ਸੀ। ਉਥੇ ਉਨ੍ਹਾਂ ਦਾ ਖੁੱਲ੍ਹਾ ਤੇ ਹਸਮੁੱਖ ਸੁਭਾਅ, ਤੇ ਹੱਥੀਂ ਸੇਵਾ ਕਰਨ ਦੀ ਰੁਚੀ ਉਨ੍ਹਾਂ ਨੂੰ ਮਿਲਣ ਵਾਲੇ ਦੇ ਮਨ ਤੇ ਅਜਿਹਾ ਅਸਰ ਪਾਉਂਦੀ ਸੀ ਕਿ ਉਹ ਹਰੇਕ ਦੇ ਦਿਲੀ ਦੋਸਤ ਬਣ ਜਾਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਅੱਜ ਤੱਕ ਝਾਤ ਮਾਰੀਏ ਤਾਂ ਸਿੱਖ ਕੌਮ ਵਿਚ ਜੋ ਸਭ ਤੋਂ ਵੱਡੀ ਘਾਟ ਸਾਹਮਣੇ ਆਉਂਦੀ ਹੈ ਉਹ ਸਿੱਖ ਸੰਸਥਾਵਾਂ ਦਾ ਵਿਦਿਅਕ ਖੇਤਰ ਵਲੋਂ ਅਵੇਸਲਾਪਣ ਇਸੇ ਘਾਟ ਕਾਰਨ ਸਿੱਖ ਕੌਮ ਵਿਚ ਵਿਦਵਾਨਾਂ, ਕਵੀਆਂ, ਰਾਗੀਆਂ, ਢਾਡੀਆਂ ਤੇ ਪ੍ਰਚਾਰਕਾਂ (ਕਥਾ ਵਾਚਕਾਂ) ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਜਿਸ ਦੇ ਸਿੱਟੇ ਵਜੋਂ ਉਪਰੋਕਤ ਸ਼੍ਰੇਣੀ ਦੇ ਹੁਨਰਵੰਦਾਂ ਦੀ ਬੇ-ਕਦਰੀ ਕਾਰਨ ਸਿੱਖ ਧਰਮ ਦੇ ਪ੍ਰਚਾਰ ਦਾ ਮਿਆਰ ਪ੍ਰਭਾਵਸ਼ਾਲੀ ਨਹੀਂ ਰਿਹਾ। ਅੱਜ ਵੀ ਜਦ ਪੰਥ ਦੇ ਪ੍ਰਤੀਨਿਧ ਆਗੂ ਧਰਮ ਪ੍ਰਚਾਰ ਕਰਨ ਵਾਲੇ ਉਪਰੋਕਤ ਸਿਪਾਹੀਆਂ ਵਲੋਂ ਬੇਖ਼ਬਰ ਹਨ ਤਾਂ ਬਾਬਾ ਸੁੱਚਾ ਸਿੰਘ ਜੀ ਹਰ ਹੀਲੇ ਵਸੀਲੇ ਨਾਲ ਸਿੱਖ ਪੰਥ ਦੇ ਵਿਦਵਾਨਾਂ, ਰਾਗੀਆਂ ਤੇ ਪ੍ਰਚਾਰਕਾਂ ਦੀ ਸੇਵਾ ਸੰਭਾਲ ਵਿਚ ਜੁਟੇ ਰਹਿੰਦੇ ਸਨ। ਸਹੀ ਅਰਥਾਂ ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਉਹ ਸੱਚੇ ਕੌਮੀ ਜਰਨੈਲ ਸਨ ਜਿਹਨਾਂ ਦੇ ਅਕਾਲ ਚਲਾਣੇ ਨਾਲ ਸਿਰਫ ਜਵੱਦੀ ਕਲਾਂ ਟਕਸਾਲ ਨੂੰ ਹੀ ਨਹੀਂ ਸਗੋਂ ਪੂਰੀ ਸਿੱਖ ਕੌਮ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪਰ ਸਬਰ ਤੇ ਪ੍ਰਭੂ ਭਾਣੇ ਦੇ ਗੁਣਾਂ ਨੂੰ ਅਸੀਂ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਾਹਿਗੁਰੂ ਉਸ ਧਰਮੀ ਸੇਵਕ ਦੀ ਆਤਮਾਂ ਨੂੰ ਸ਼ਾਂਤੀ ਤੇ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਬਾਕੀ ਪ੍ਰੇਮੀਆਂ ਨੂੰ ਬਾਬਾ ਜੀ ਵਲੋਂ ਅਰੰਭੇ ਸੰਕਲਪਾਂ ਨੂੰ ਪੂਰਾ ਕਰਨ ਲਈ ਸੋਝੀ ਉੱਦਮ ਅਤੇ ਬਲ ਬਖਸ਼ਣ।

# ਗੁਰਮਤਿ ਸੰਗੀਤ ਦੀ ਅਹਿਮ ਕੜੀ-ਸੰਤ ਬਾਬਾ ਸੁੱਚਾ ਸਿੰਘ ਜੀ

ਸੁਖਦੇਵ ਸਿੰਘ 'ਨਡਾਲੋਂ'
ਪਿੰਡ ਤੇ ਡਾਕ. ਨਡਾਲੋਂ
ਜ਼ਿਲ੍ਹਾ ਹੁਸ਼ਿਆਰਪੁਰ 144 404

ਧਰਮ ਅਤੇ ਵਿਗਿਆਨ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਕਿ ਨਾਦ ਅਤੇ ਸ਼ਬਦ ਸ੍ਰਿਸ਼ਟੀ ਦਾ ਮੂਲ ਹਨ। ਮਨੁੱਖ ਸੁਚੇਤ ਅਤੇ ਅਚੇਤ ਰੂਪ ਵਿਚ ਨਾਦ ਤੇ ਸ਼ਬਦ ਨਾਲ ਬੱਝਾ ਕਾਰਜਸ਼ੀਲ ਹੈ। ਇਹੀ ਕਾਰਨ ਹੈ ਕਿ ਕਿਤੇ ਉਸ ਨੂੰ ਨਾਦ ਦਾ ਮਧੁਰ ਰੂਪ ਟੁੰਬਦਾ ਹੈ ਤੇ ਕਿਤੇ ਸ਼ਬਦ ਦਾ ਭਾਵਪੂਰਤ ਰੂਪ। ਗੁਰੂ ਸਾਹਿਬਾਨ ਜੀ ਨੇ ਰਾਗ ਅਤੇ ਸ਼ਬਦ ਨੂੰ ਇਕੱਠਿਆ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਹਾਨ ਖ਼ਜ਼ਾਨਾ ਸਾਨੂੰ ਦਿੱਤਾ। ਪਿਛਲੇ ਕਈ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਰੂਪ ਤੇ ਸ਼ੈਲੀਆਂ ਅਲੋਪ ਹੁੰਦੀਆਂ ਜਾ ਰਹੀਆਂ ਸਨ। ਬਹੁਤ ਕੁਝ ਤੇ ਸਮਾਂ ਆਪਣੇ ਵਹਾਅ 'ਚ ਲੈ ਵੀ ਗਿਆ। ਇਸ ਪਾਸੇ ਬੇਸ਼ੱਕ ਆਪਣੇ ਤੌਰ ਤੇ ਕਈ ਗੁਣੀ ਪੁਰਸ਼ਾਂ ਜਾਂ ਸੰਸਥਾਵਾਂ ਨੇ ਨਿੱਕੇ-ਮੋਟੇ ਉਪਰਾਲੇ ਕੀਤੇ ਪਰ ਕੋਈ ਖਾਸ ਮੋੜ ਨਹੀਂ ਦਿੱਤਾ ਜਾ ਸਕਿਆ। ਆਖਰ ਇਹ ਸੇਵਾ 'ਜਾ ਕੇ ਮਸਤਕ ਭਾਗ ਸਿ ਸੇਵਾ ਲਾਇਆ' ਦੇ ਮਹਾਂਵਾਕ ਅਨੁਸਾਰ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਦੇ ਹਿੱਸੇ ਆਈ। ਉਨ੍ਹਾਂ ਮਹਿਸੂਸ ਕੀਤਾ ਕਿ ਰਾਗੀ ਪਾਸੋਂ ਰਾਗ ਵਿਛੜਿਆ ਹੈ। ਸ਼ਬਦ ਗਾਉਂਦਾ ਇਧਰੋਂ-ਉਧਰੋਂ ਫਿਲਮੀ ਟਿਊਨਾਂ ਦੇ ਸਹਾਰੇ ਭਾਲਦਾ ਹੈ ਗਾਉਣ ਵਾਲਾ ਵੀ ਅਸ਼ਾਂਤ ਨਜ਼ਰ ਆ ਰਿਹਾ ਸੀ ਤੇ ਸੁਣਨ ਵਾਲਾ ਵੀ ਅਸ਼ਾਂਤ। ਰਾਗ ਰਸ ਗੈਰਹਾਜ਼ਰ ਸੀ। ਸੰਗਤ ਵੀ ਅਣਗਹਿਲੀ ਨਾਲ ਹੌਲੀ-ਹੌਲੀ ਆਪਣੇ ਮਹਾਨ ਪੁਰਾਤਨ ਸੰਗੀਤਕ ਵਿਰਸੇ ਤੋਂ ਵਾਂਝੀ ਹੁੰਦੀ ਜਾ ਰਹੀ ਸੀ। ਬਾਬਾ ਜੀ ਨੂੰ ਇਹ ਗੱਲ ਬਹੁਤ ਦੁਖੀ ਕਰ ਰਹੀ ਸੀ। ਉਨ੍ਹਾਂ ਦੇ ਅੰਦਰ ਪੁਰਾਤਨ ਵਿਰਸੇ ਨੂੰ ਸਾਂਭਣ ਦੀ ਬੜੀ ਤੀਬਰਤਾ ਸੀ ਤੇ ਇਕ ਸ਼ਰਮਿੰਦਗੀ ਦਾ ਅਹਿਸਾਸ ਕਿ ਅਸੀਂ ਗੁਰੂ ਸਾਹਿਬਾਨ ਜੀ ਦੀ ਬਖਸ਼ੀ ਵਿਰਾਸਤ ਨੂੰ ਆਪਣੇ ਚੇਤਿਆਂ 'ਚੋਂ ਗੈਰਹਾਜ਼ਰ ਕਰਦੇ ਜਾ ਰਹੇ ਹਾਂ। ਬਾਬਾ ਜੀ ਦੀ ਲੰਮੀ ਸੋਚ-ਵਿਚਾਰ ਦਾ ਸਿੱਟਾ ਸੀ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਇਸ ਸੰਮੇਲਨ ਤੋਂ ਪਹਿਲਾਂ ਨਿਰਣਾਇਕ ਕਮੇਟੀ ਦਾ ਗਠਨ, ਕਮੇਟੀ ਦੀਆਂ ਬੈਠਕਾਂ, ਬੈਠਕਾਂ 'ਚ ਅਲੋਪ ਹੋ ਚੁੱਕੇ ਖ਼ਜ਼ਾਨੇ ਦੇ ਸਰੋਤਾਂ ਨੂੰ ਲੱਭਣਾ, ਬੜਾ ਕਠਨ ਕੰਮ ਸੀ। ਦਾਸ ਨੂੰ ਦਿੱਲੀ ਵਿਖੇ ਸ੍. ਚਰਨ ਸਿੰਘ ਮੋਦੀ ਹੁਰਾਂ ਦੇ ਘਰ ਨਿਰਣਾਇਕ ਕਮੇਟੀ ਦੇ ਚਰਨਾਂ 'ਚ ਬੈਠਣ ਦਾ ਮੌਕਾ ਮਿਲਿਆ। ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਵਿਚਾਰਾਂ ਹੁੰਦੀਆਂ ਰਹੀਆਂ। ਕਿਸੇ ਵਿਦਵਾਨ ਦੇ ਮਨ ਤੇ ਅਕੇਵਾਂ ਨਹੀਂ ਸੀ ਸਗੋਂ ਉਤਸੁਕਤਾ ਸੀ ਬਾਬਾ ਜੀ ਇਸ ਕਮੇਟੀ 'ਚ ਰੋਸ਼ਨ ਚਿਰਾਗ ਸਨ। ਆਖਰ ਵਿਦਵਾਨਾਂ ਦੀ ਖੋਜ, ਵਿਚਾਰਾਂ ਤੋਂ ਬਾਅਦ ਰਾਗ ਰੂਪਾਂ ਦਾ ਸਹੀ ਸਰੂਪ ਨਿਸ਼ਚਿਤ ਕੀਤਾ ਗਿਆ, ਉਨ੍ਹਾਂ ਸਰੂਪਾਂ ਦੇ ਅਧਾਰ 'ਤੇ ਹੀ 31 ਰਾਗਾਂ ਨੂੰ ਸਮਰਪਿਤ ਹੋਇਆ 'ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਇਸ ਤਰ੍ਹਾਂ ਅੱਗੇ ਚੱਲੀ ਅਗਲੇ ਸੰਮੇਲਨਾਂ ਦੀ ਲੜੀ...। ਸੰਗਤਾਂ ਵਿਚ ਨਿਰਧਾਰਿਤ ਰਾਗਾਂ 'ਚ ਕੀਰਤਨ ਸਰਵਣ ਕਰਨ ਦੇ ਉਤਸ਼ਾਹ ਨੇ ਇਕ ਵਾਰ ਤਾਂ ਪ੍ਰਸ਼ਨ ਚਿੰਨ ਲਗਾ ਦਿੱਤਾ। ਇਤਨੀ ਸੰਗਤ ਸ਼ਾਇਦ ਸੋਚਿਆ ਵੀ ਨਹੀਂ ਸੀ। ਮੈਨੂੰ ਯਾਦ ਹੈ ਕਿ ਸ਼ਾਮ ਵੇਲੇ ਪੰਡਾਲ ਦੇ ਪ੍ਰਵੇਸ਼ ਦਵਾਰ ਤੋਂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਤੱਕ ਪਹੁੰਚਣ ਲਈ ਲਗਭਗ 45 ਮਿੰਟ ਲੱਗੇ। ਇਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੰਗਤਾਂ 'ਚ ਇਸ ਅਲੌਕਿਕ ਸੰਮੇਲਨ ਨੂੰ ਦੇਖਣ ਤੇ ਸਰਵਣ ਕਰਨ ਦਾ ਕਿਤਨਾ ਉਤਸ਼ਾਹ ਸੀ। ਬੇਸ਼ੱਕ ਅਕਾਲ ਪੁਰਖ ਨੇ ਬਾਬਾ ਜੀ ਨੂੰ ਉਮਰ ਬੜੀ ਥੋੜੀ ਬਖਸ਼ੀ ਪਰ ਜੋ ਉਨ੍ਹਾਂ ਕੰਮ ਕੀਤਾ ਉਹ ਉਮਰ ਤੋਂ ਬਹੁਤ ਹੀ ਜ਼ਿਆਦਾ ਵੱਡਾ ਹੈ। ਸਮੁੱਚੇ ਸਿੱਖ ਜਗਤ ਦੇ ਮਹਾਨ ਕੀਰਤਨੀਆਂ ਨੂੰ ਇਕ ਸਟੇਜ 'ਤੇ ਇਕੱਠਿਆਂ ਕਰਨਾ, ਇਹ ਉਨ੍ਹਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਦਾ ਹੀ ਪ੍ਰਭਾਵ ਸੀ ਤੇ ਇਸ ਦੇ ਨਾਲ ਹੀ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਅੱਜ ਤੱਕ ਸਿੱਖ ਧਰਮ ਵਿਚ ਇਹੋ ਜਿਹਾ 'ਗੁਰਮਤਿ ਸੰਗੀਤ ਸੰਮੇਲਨ' ਕਿਤੇ ਨਹੀਂ ਹੋਇਆ। ਯੁੱਗਾਂ ਤੱਕ ਇਨ੍ਹਾਂ ਸੰਮੇਲਨਾਂ ਦੀਆਂ ਤਰੰਗਾਂ ਸੰਗਤਾਂ ਦੇ ਕੰਨਾਂ 'ਚ ਗੂੰਜਦੀਆਂ ਰਹਿਣਗੀਆਂ।

ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਇਕ ਮਹਾਨ ਗੁਣਵਾਨ, ਉਚੇ-ਸੁਚੇ ਮਹਾਂਪੁਰਸ਼ ਸਨ। ਆਪ ਜੀ, ਗੁਰਬਾਣੀ ਕੀਰਤਨ ਨੂੰ ਸਭ ਸੰਸਾਰ ਵਿਚ ਸਭ ਤੋਂ ਉਚ ਕੋਟੀ ਦੀਆਂ ਸਿਖ਼ਰਾਂ 'ਤੇ ਚਮਕਦਾ ਰੱਖਣ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਬਾਬਾ ਜੀ ਸਨ। ਮੈਨੂੰ ਕੁਝ ਸਮਾਂ ਉਨ੍ਹਾਂ ਦੇ ਦਰਸ਼ਨਾਂ ਦਾ ਸੁਭਾਗ ਮਿਲਿਆ। ਬਾਬਾ ਜੀ ਬਹੁਤ ਹੀ ਪਿਆਰ ਸਤਿਕਾਰ ਦੇ ਕੇ ਨਿਵਾਜਣ ਵਾਲੀ ਸ਼ਖ਼ਸੀਅਤ ਸਨ। *ਭਾਈ ਅਵਤਾਰ ਸਿੰਘ ਨਾਜ਼ (ਪ੍ਰੋਫੈਸਰ), ਅੰਮ੍ਰਿਤਸਰ*

# ਸ਼ਰਧਾਂਜਲੀ ਸੰਤ ਬਾਬਾ ਸੁੱਚਾ ਸਿੰਘ ਜੀ

**ਭਾਈ ਗੁਰਮੀਤ ਸਿੰਘ ਸ਼ਾਂਤ**

ਪਰਮ ਪੂਜਨੀਕ ਅਤੀ ਸਤਿਕਾਰਯੋਗ, ਪੰਥ ਰਤਨ, ਗੁਰਮੱਤ ਦੇ ਧਾਰਨੀ, ਪੰਥ ਨੂੰ ਸੇਧ ਦੇਣ ਵਾਲੇ ਚੰਗੇ ਆਗੂ, ਜੀਵਨ ਦੇ ਹਰ ਪਲ ਤੋਂ ਸੰਘਰਸ਼ ਕਰਤਾ, ਗੁਰਮਤਿ ਕੀਰਤਨ ਨੂੰ ਜਾਗਰੂਪ ਕਰਨ ਵਾਲੇ ਬਾਬਾ ਸੁੱਚਾ ਸਿੰਘ ਜੀ ਨੇ ਪਿਛਲੇ ਦਿਨਾਂ ਵਿਚ ਵਾਹਿਗੁਰੂ ਦੇ ਹੁਕਮ ਅਨੁਸਾਰ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਪਰਮੇਸ਼ਰ ਦੇ ਚਰਨਾਂ 'ਚ ਪ੍ਰੀਤ ਲਾਈ ਹੈ। ਸਤਿਗੁਰਾਂ ਦਾ ਵਾਕ ਹੈ:- **ਸੇਵਕ ਕੀ ਓੜਕ ਨਿਬਹੀ ਪ੍ਰੀਤ॥** ਅਜੇ ਪੰਥ ਨੂੰ ਬੜੀ ਲੋੜ ਸੀ ਇਹੋ ਜਿਹੇ ਮਹਾਂਪੁਰਖ ਦੀ ਜੋ ਗੁਰਮਤਿ ਕੀਰਤਨ ਨੂੰ ਨਿਰਧਾਰਤ ਰਾਗਾਂ 'ਚ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਸਨ। ਪੰਥ ਦੇ ਵਿਦਵਾਨ ਰਾਗੀਆਂ, ਗਵੱਈਆਂ ਪਾਸੋਂ ਔਖੇ ਤੋਂ ਔਖੇ ਰਾਗ, ਕਠਿਨ ਬਾਣੀ 'ਚ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਤੇ ਸੰਸਾਰ ਭਰ 'ਚੋਂ ਵਿਦਵਾਨ ਰਾਗੀਆਂ ਨੇ, ਜੋ ਚੰਗੀ ਤਾਲੀਮ ਹਾਸਲ ਕਰਦੇ ਸਨ, ਬੜੀ ਹੀ ਖ਼ੁਸ਼ੀ ਨਾਲ ਜਵੱਦੀ ਕਲਾਂ ਪਹੁੰਚ ਕੇ ਆਪਣੀ ਕਲਾ ਦੇ ਰਾਗਾਂ 'ਚ, ਵੱਡੀਆਂ ਤਾਲਾਂ 'ਚ ਕੀਰਤਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦੀ ਖ਼ੁਸ਼ੀ ਸੰਗਤਾਂ ਦੀ ਖ਼ੁਸ਼ੀ ਤੇ ਬਾਬਾ ਸੁੱਚਾ ਸਿੰਘ ਜੀ ਦੀਆਂ ਵੀ ਅਸੀਸਾਂ ਪ੍ਰਾਪਤ ਕੀਤੀਆਂ। ਦਾਸ ਨੇ ਜਦੋਂ ਪਹਿਲੀ ਵਾਰੀ ਇਹ ਖ਼ਬਰ ਸੁਣੀ ਕਿ ਬਾਬਾ ਜੀ ਗੁਰਪੁਰੀ ਸਿਧਾਰ ਗਏ ਹਨ ਤਾਂ ਇਕ ਦਮ ਏਹੋ ਹੀ ਗੱਲ ਨਿਕਲੀ ਇਹ ਕਿਸ ਤਰ੍ਹਾਂ ਹੋ ਗਿਆ। ਅਜੇ ਨਹੀਂ ਸੀ ਚਾਹੀਦਾ। ਅਜੇ ਪੰਥ ਨੂੰ ਬੜੀ ਲੋੜ ਸੀ ਪਰ ਵਾਹਿਗੁਰੂ ਦਾ ਭਾਣਾ, ਭਾਣੇ ਨੂੰ ਮੰਨਣ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਇਹ ਪੰਗਤੀਆਂ ਭਾਈ ਸਾਹਿਬ ਗੁਰਦਾਸ ਜੀ ਦੀਆਂ ਦਿਮਾਗ 'ਚ ਸਹਿਜੇ ਹੀ ਆ ਗਈਆਂ:

*ਗੁਰਮੁਖ ਜਨਮ ਸਵਾਰ ਦਰਗਹ ਚਲਿਆਂ।*
*ਸਚੀ ਦਰਗਹਿ ਜਾਇ ਸਚਾ ਪਿੜ ਮਲਿਆ॥*

ਜੋ ਗੁਰਮੁਖਾਂ ਵਾਲਾ ਜੀਵਨ ਉਹਨਾਂ ਬਤੀਤ ਕੀਤਾ ਹੈ ਇਹੋ ਜਿਹੇ ਮਹਾਂਪੁਰਖਾਂ ਦੇ ਜੀਵਨ ਤੋਂ ਜੀਵਨ ਜਾਚ ਆਉਂਦੀ ਹੈ। ਜੋ ਸਾਡੇ ਦੇਖਣ 'ਚ ਆਇਆ ਸਾਡਾ ਮਿਲਾਪ ਪਹਿਲੀ ਵਾਰੀ 1989 'ਚ ਹੋਇਆ। ਉਸ ਸਾਲ ਅਸੀਂ ਦਸਵੀਂ ਤੇ ਗਏ। ਕੀਰਤਨ ਕਰਨ ਦਾ ਟਾਇਮ ਮੰਗਿਆ ਤਾਂ ਬੜੇ ਖ਼ੁਸ਼ ਹੋਏ ਕਿ ਇਹ ਸਾਰਾ ਹੀ ਜਥਾ ਛੋਟੀ ਉਮਰ ਦਾ ਹੈ ਤੇ ਸਾਨੂੰ ਉਤਸ਼ਾਹਿਤ ਕਰਨ ਲਈ ਬੜਾ ਹੀ ਪਿਆਰ ਦਿੱਤਾ, ਕੋਲ ਬਿਠਾਇਆ ਤੇ ਨਵੇਂ ਗਾਤਰੇ ਚਿੱਟੇ ਰੰਗ ਦੇ ਦਿੱਤੇ ਤੇ ਆਖਿਆ ਕੀਰਤਨ ਦੇ ਨਾਲ ਗੁਰਮੰਤਰ ਦਾ ਅਭਿਆਸ ਵੀ ਕਰਿਆ ਕਰੋ। ਫਿਰ ਸਮਾਂ ਦਿੱਤਾ, ਜਦੋਂ ਅਸੀਂ ਕੀਰਤਨ ਰਾਗਾਂ 'ਚ ਕੀਤਾ, ਅਲਮਸਤ ਸਾਹਿਬ ਦਾ ਖ਼ਜ਼ਾਨਾ ਤੇ ਪੁਰਾਤਨ ਵਿਦਵਾਨਾਂ ਦੀਆਂ ਬੰਦਿਸ਼ਾਂ ਰਾਗਾਂ 'ਚ ਸੁਣਾਈਆਂ ਗੁਲਦਸਤੇ ਰਾਗਾਂ ਦੇ, ਠੁਮਰੀਆਂ, ਚਤੁਰਤਾ ਗਾਇਕੀ ਤੇ ਉਨ੍ਹਾਂ ਆਪਣੇ ਚੁਸਤ ਦਿਮਾਗ ਤੇ ਤੇਜ ਅੱਖ ਨਾਲ ਸਾਨੂੰ ਝੱਟ ਪਛਾਣ ਲਿਆ ਕਿ ਇਹ ਚੰਗੇ ਰਾਗੀਆਂ ਦੇ ਪੁੱਤਰ ਹਨ ਤੇ ਇਨ੍ਹਾਂ ਦੇ ਅੰਦਰ ਵਿਦਿਆ ਹੁਨਰ ਠਾਠਾਂ ਮਾਰ ਰਿਹਾ ਹੈ। ਸਾਨੂੰ ਪਿਆਰ ਨਾਲ ਫੇਰ ਕਈ ਦਸਵੀਆਂ ਤੇ ਬੁਲਾਕੇ ਕੀਰਤਨ ਸੁਣ ਕੇ ਇਹ ਦੱਸਿਆ ਕਿ ਰਾਗਾਂ 'ਚ ਕੀਰਤਨ ਕਰਨ ਵਾਲੇ ਬਹੁਤ ਘੱਟ ਹਨ। ਪੈਸੇ ਭਾਂਵੇਂ ਥੋੜ੍ਹੇ ਬਣਨ ਪਰ ਰਾਗਾਂ 'ਚ ਕੀਰਤਨ ਕਰਨਾ ਨ ਭੁੱਲਿਓ ਤੇ ਪੰਥ ਦੀ ਸੇਵਾ ਕਰਨੀ ਹੈ। ਕਦੀ ਕਦੀ ਬੱਚਿਆਂ ਨੂੰ, ਵਿਦਿਆਰਥੀ ਰਾਗੀਆਂ ਨੂੰ ਸਮਝਾਉਣ ਲਈ ਨਿਧੜਕ ਹੋ ਕੇ ਵੀ ਬੋਲਦੇ ਸਨ ਤੇ ਸੰਤ ਤੇ ਸਿਪਾਹੀ ਵਾਲਾ ਵੀ ਰੋਲ ਨਿਭਾਉਂਦੇ ਸਨ। ਉਨ੍ਹਾਂ ਦੇ ਜੀਵਨ 'ਚ ਬੜੇ ਚੰਗੇ ਗੁਣ ਸਨ ਜੋ ਹਰ ਕਿਸੇ ਨਾਲ ਪਿਆਰ ਕਰਦੇ ਸਨ। ਆਉਂਦੇ ਸਾਰ ਹੀ ਰਾਗੀਆਂ, ਪ੍ਰਚਾਰਕਾਂ, ਕਥਾ ਵਾਚਕਾਂ, ਸੰਗਤਾਂ ਨੂੰ ਸਭ ਨੂੰ ਕਹਿੰਦੇ ਸਨ ਭਾਈ ਪ੍ਰਸ਼ਾਦਾ ਪਾਣੀ ਛਕਿਆ ਕਿ ਨਹੀਂ, ਜੇ ਨਾ ਛਕਿਆ ਹੋਵੇ ਤਾਂ ਉੱਥੇ ਆਪਣੇ ਕੋਲ ਬੈਠੇ ਹੀ ਪ੍ਰਸ਼ਾਦਾ ਚਾਹ ਦੁੱਧ ਕਹਿ ਕੇ ਛਕਾ ਦੇਣਾ, ਸਭ ਨੂੰ ਜੀ ਆਇਆ ਕਹਿਣਾ ਤੇ ਇੱਕ ਖਾਸ ਗੱਲ ਉਨ੍ਹਾਂ ਨੇ ਜ਼ਰੂਰ ਆਖਣੀ ਕਿ ਕੰਮ ਕਰਨਾ ਬੜਾ ਔਖਾ ਹੈ, ਔਖਾ ਕੰਮ ਕਰਾਂਗੇ ਜਿਹੜਾ ਕਦੇ ਕਿਸੇ ਨੇ ਨਾ ਕੀਤਾ ਹੋਵੇ। ਤਾਂ ਹੀ ਕੋਈ ਕਦਰ ਕਰਦਾ ਹੈ; ਡੋਲਣਾ ਨਹੀਂ ਜਿਹੜਾ ਅਸੀਂ ਕੰਮ ਕਰ ਰਹੇ ਹਾਂ ਇਹ ਵਾਹਿਗੁਰੂ ਨੇ ਸਾਡੀ ਡਿਊਟੀ ਲਾਈ ਹੈ, ਤੇ ਕਹਿਣਾ ਸੰਗਤਾਂ ਦੇ ਸਹਿਯੋਗ ਨਾਲ ਮੈਂ ਇਹ ਪੂਰਾ ਕਰੀ ਜਾ ਰਿਹਾ ਹਾਂ। ਪਰ ਕੰਮ ਬੜਾ ਔਖਾ, ਔਖੇ ਤੇ ਬਿਖੜੇ ਰਾਹ ਤੇ ਚੱਲਦਿਆਂ ਕੱਖ, ਕੰਡੇ, ਰੋੜੇ, ਸੂਲਾਂ ਵੀ ਚੁਭਦੀਆਂ ਹਨ। ਪਰ ਰਾਹ ਨਹੀਂ ਛੱਡਣਾ, ਬਸ ਰਾਹ ਤੇ ਤੁਰਨਾ ਹੈ ਤੇ ਜ਼ਰੂਰ ਤੁਰਨਾ ਹੈ, ਥੱਕਣਾ ਨਹੀਂ, ਅਕਣਾ ਨਹੀਂ, ਹਰ ਵੇਲੇ ਕੁਝ ਕਰਨ ਦੀ ਹੀ ਮਨ ਵਿਚ ਲਗਨ ਬਣੀ ਰਹਿੰਦੀ ਸੀ। ਦਾਸ ਨੇ ਬਹੁਤ ਦੇਖਿਆ ਸਮਝਿਆ। 1989 ਤੋਂ 2002

ਤੱਕ ਜੋ ਸਮਾਂ ਦਾਸਾਂ ਬਤੀਤ ਕੀਤਾ ਹੈ, ਜੇ ਸਾਰਾ ਹਾਲ ਲਿਖੀਐ ਤਾਂ ਬੜੇ ਪੇਜ਼ (ਵਰਕੇ) ਭਰ ਜਾਣਗੇ। ਫਿਰ ਕਿਤੇ ਸਮਾਂ ਮਿਲਿਆ ਤੇ ਲਿਖਾਂਗਾ ਸੋ ਜੋ ਆਖ਼ਰੀ ਮੁਲਾਕਾਤ ਹੋਈ, ਸਵਰਗਵਾਸ ਹੋਣ ਤੋਂ 6 ਮਹੀਨੇ ਪਹਿਲਾਂ ਪਾਰਕ 'ਚ ਬੈਠਿਆਂ ਜੋ ਬਚਨ ਹੋਏ ਇਸ ਪ੍ਰਕਾਰ ਹੈ:-

ਫਤਿਹ ਬੁਲਾਈ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਕਹਿੰਦੇ ਬੈਠੋ, ਸਰੀਰ ਬੜਾ ਕਮਜ਼ੋਰ ਸੀ। ਅਸੀਂ ਬੜੇ ਹੈਰਾਨ ਹੋਏ, ਚੰਗੀ ਤਰ੍ਹਾਂ ਤੁਰਿਆ ਵੀ ਨਹੀਂ ਸੀ ਜਾਂਦਾ। ਮਸਾਂ ਗੱਲ ਹੁੰਦੀ ਸੀ, ਆਵਾਜ਼ 'ਚ ਤੇਜ਼ੀ ਨਹੀਂ ਸੀ। ਉਹ ਵੇਖਣੀ ਨਹੀਂ ਸੀ। ਪਰ ਸੋਚ ਅੱਗੇ ਨਾਲੋਂ ਵੀ ਉੱਚੀ ਤੇ ਸੁੱਚੀ ਸੀ। ਉਸ ਵਿੱਚ ਕੋਈ ਰੰਚਕ ਮਾਤਰ ਵੀ ਫਰਕ ਨਹੀਂ, ਦਾਸ ਨੇ ਕਿਹਾ ਮਹਾਰਾਜ ਸੁਣਾਉ ਕੀ ਹਾਲ ਹੈ, ਕਹਿੰਦੇ ਚੰਗਾ ਹੈ, ਸਰੀਰ ਮਿੱਟੀ ਹੈ, ਇਸਦਾ ਕੀ ਫਿਕਰ, ਗੱਲ ਤਾਂ ਜਿਹੜੀ ਕਰਨੀ, ਉਹ ਕਰਨੀ ਚਾਹੀਦੀ ਹੈ, ਜੋ ਮੇਰੀ ਡਿਊਟੀ ਮੈਂ ਉਹ ਕੀਤੀ, ਕਰ ਰਿਹਾ ਹਾਂ, ਅਗੋਂ ਇਸੇ ਤਰ੍ਹਾਂ ਕੋਈ ਨਾ ਕੋਈ ਕਰਦਾ ਰਹੇਗਾ। ਫਿਕਰ ਕਾਹਦਾ, ਹੋਰ ਸੁਣਾਉ ਜੀ ਸਭ ਠੀਕ ਹੈ, ਬਾਹਰ ਸੰਗਤਾਂ ਦਾ 'ਇੰਗਲੈਂਡ' ਸੁਣਾਉ ਕੀ ਹਾਲ ਹੈ, ਕਿੱਦਾਂ ਸਰੋਤ ਹੈਂ ਗੁਰਮਤਿ ਕੀਰਤਨ ਕਿਸ ਤਰ੍ਹਾਂ ਚਲ ਰਿਹਾ ਹੈ, ਦੱਸਿਆ ਬਾਬਾ ਜੀ ਤੁਹਾਨੂੰ ਸੰਗਤਾਂ ਯਾਦ ਕਰ ਰਹੀਆਂ ਹਨ ਕਿ ਇਕ ਵਾਰ ਉਨ੍ਹਾਂ ਬਾਬਾ ਜੀ ਦੇ ਸ਼ਾਂਤ ਜੀ ਦਰਸ਼ਨ ਕਰਾਉ, ਜਿੰਨਾ ਇਹ ਨਵੀਂ ਜਾਗ੍ਰਤੀ ਲਿਆਂਦੀ ਹੈ, ਕੌਮ ਕਦੀ ਭੁੱਲੇਗੀ ਨਹੀਂ, ਜੋ ਕੰਮ ਬਾਬਾ ਜੀ ਕਰ ਰਹੇ ਹਨ। ਨਵੀਆਂ ਪੈੜਾਂ ਹਨ, ਨਵੇਂ ਰਾਹ ਹਨ, ਸੋ ਤੁਸੀਂ ਸ਼ਾਂਤ ਜ਼ਰੂਰ ਬਾਬਾ ਜੀ ਨੂੰ ਆਖੋ ਕਿ ਇਕ ਵਾਰ ਇੰਗਲੈਂਡ ਆ ਕੇ ਰਾਗ ਦਰਬਾਰ ਕਰਨ ਨਿਊਕੈਸਲ ਗੁਰਦੁਆਰਾ ਖਾਲਸਾ ਮੇਰੋ ਰੂਪ ਹੈ ਖਾਸ ਵਿਚ। ਸਾਊਥ ਸੀਲਡ ਦੇ ਪ੍ਰੇਮੀ ਸੇਵਾਦਾਰ ਕਰਨੈਲ ਸਿੰਘ ਜੀ, ਵੀਰ ਅਮਰ ਬੋਹੜ ਸਿੰਘ ਜੀ, ਬੀਬੀਆਂ ਸਭ ਸੰਗਤਾਂ ਬੱਚੇ ਕਹਿਣ ਲੱਗੇ, ਬਾਬਾ ਜੀ ਦੀ ਸਰਪ੍ਰਸਤੀ ਹੇਠ ਰਾਗ ਦਰਬਾਰ ਇੱਥੇ ਕਰਵਾਉ, ਅਸੀਂ ਸਾਰਾ ਖਰਚਾ ਕਰਨ ਲਈ ਤਿਆਰ ਹਾਂ। ਸੋ ਕਹਿਣ ਤੋਂ ਭਾਵ ਕਿ ਸਭ ਪਾਸੇ ਬਾਬਾ ਜੀ ਨੇ ਜੋ ਜੀਵਨ 'ਚ ਕੰਮ ਕੀਤੇ, ਉਸਦੀ ਸਭ ਪਾਸੇ ਸ਼ਲਾਘਾ ਹੋ ਰਹੀ ਹੈ। 'ਬਾਬਾ ਜੀ ਨੂੰ ਸਾਰੀ ਇੰਗਲੈਂਡ ਦੀ ਗੱਲ ਬਾਤ ਦੱਸੀ, ਬਚਨ ਸਾਂਝੇ ਹੋਏ ਤੇ ਆਖਰੀ ਬਚਨ ਹੋਏ ਕਿ ਬਾਬਾ ਜੀ 31 ਰਾਗਾਂ ਦਾ ਕਬਿੱਤ ਤਾਂ ਪੰਥ 'ਚ ਹੈ। ਅਸੀਂ ਬੋਲਦੇ ਹਾਂ। ਪਰ ਮਿਸ਼ਰਤ 31 ਰਾਗਾਂ ਦਾ ਕਬਿੱਤ ਨਹੀਂ ਸੀ। ਸੋ ਦਾਸ ਨੇ ਮਿਹਨਤ ਕਰਕੇ ਦੋ ਕਬਿੱਤਾ 'ਚ ਮਿਸ਼ਰਤ ਰਾਗ ਆਪਣੀ ਕਲਮ ਤੋਂ ਲਿਖਕੇ ਕਲਮਬੰਧ ਕੀਤੇ ਹਨ। ਬਾਬਾ ਜੀ ਨੇ ਕਬਿੱਤ ਸੁਣੇ ਤੇ ਆਖਿਆ ਕਿ ਰਾਗ ਦਰਬਾਰ ਜਿਹੜਾ ਹੁਣ ਦਸੰਬਰ 'ਚ ਕਰਨਾ ਹੈ, ਉਸਦੇ ਸੋਵੀਨਰ 'ਚ ਜ਼ਰੂਰ ਤੁਹਾਡੇ ਕਬਿੱਤ ਛਾਪ ਦਿਆਂਗੇ, ਇਹ ਬਹੁਤ ਤੁਸੀਂ ਮਿਹਨਤ ਕਰਕੇ ਚੀਜ਼ ਲਿਖੀ ਹੈ। ਚੰਗਾ ਜੀ ਫਤਿਹ ਬੁਲਾ ਕੇ ਅਸੀਂ ਚਾਲੇ ਪਾ ਦਿੱਤੇ। ਇਹ ਸਨ ਉਨ੍ਹਾਂ ਨਾਲ ਆਖ਼ਰੀ ਮੁਲਾਕਾਤ ਦੇ ਸੁਨਹਿਰੇ ਪਲ ਤੇ ਸੁੰਦਰ ਬਚਨ ਜੋ ਸਾਨੂੰ ਕਦੇ ਨਹੀਂ ਭੁਲਦੇ। ਸੋ ਆਸ ਕਰਦੇ ਹਾਂ ਪਰਮੇਸ਼ਰ ਨੂੰ ਬੇਨਤੀ ਵੀ ਕਰਦੇ ਹਾਂ ਕਿ ਇਹੋ ਜਿਹੇ ਮਹਾਂਪੁਰਖ ਜ਼ਰੂਰ ਸੰਸਾਰ ਤੇ ਆਉਂਦੇ ਰਹਿਣ ਤਾਂ ਕਿ ਪੰਥ ਹਮੇਸ਼ਾਂ ਹੀ ਚੜ੍ਹਦੀ ਕਲਾ 'ਚ ਰਹੇ। ਬਾਬਾ ਜੀ ਸਭ ਦੇ ਦਿਲ 'ਚ ਆਪਣੀ ਯਾਦ ਦੀ ਮੋਹਰ ਲਾ ਕੇ ਗਏ ਹਨ। ਜਿਨ੍ਹਾਂ ਨੂੰ ਸਾਰੇ ਹੁਣ ਵੀ ਯਾਦ ਕਰਦੇ ਹਨ ਤੇ ਯਾਦ ਕਰਦੇ ਰਹਿਣਗੇ। ਬਾਬਾ ਜੀ ਸਦਾ ਅਮਰ ਹਨ। ਗੁਰੂ ਕੇ ਕੀਰਤਨੀਏ ਹੋਣ ਦੇ ਨਾਤੇ ਸਾਡੀ ਇਹੋ ਹੀ ਜੋਦੜੀ ਹੈ ਕਿ ਵਾਹਿਗੁਰੂ ਇਹਨਾਂ ਨੂੰ ਫੇਰ ਸੰਸਾਰ ਤੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਸੰਸਾਰੀ ਜੀਵਾਂ ਨੂੰ ਜੀਵਨ ਜਾਚ ਦੱਸ ਸਕਣ। ਇਹੀ ਸਾਡੀ ਪਰਮਾਤਮਾ ਦੇ ਚਰਨਾਂ ਵਿੱਚ ਅਰਜੋਈ ਹੈ। ਤੇ ਅੱਗੋਂ ਹੁਣ ਬਾਬਾ ਕਰਨੈਲ ਸਿੰਘ ਜੀ ਜੋ ਉਸ ਡਿਊਟੀ ਨੂੰ ਪੂਰੀ ਕਰ ਸਕਣ ਤੇ ਰਾਗੀਆਂ, ਢਾਡੀਆਂ, ਕਥਾ ਵਾਚਕਾਂ, ਸਭ ਵਿਦਵਾਨਾਂ ਨਾਲ ਉਸੇ ਤਰ੍ਹਾਂ ਪਿਆਰ ਕਰਨ ਜਿਸ ਤਰ੍ਹਾਂ ਬਾਬਾ ਸੁੱਚਾ ਸਿੰਘ ਜੀ ਨੇ ਕੀਤਾ। ਇਹ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਨੂੰ ਸੁਰਜੀਤ ਰੱਖਣ ਤਾਂ ਹੀ ਬਾਬਾ ਸੁੱਚਾ ਸਿੰਘ ਜੀ ਦੀ ਯਾਦ ਤਾਜ਼ਾ ਰਹੇਗੀ।

# ਸੇਵਕ ਦੀ ਓੜਕ ਨਿਬਹੀ ਪ੍ਰੀਤ

**ਕੁਲਵਿੰਦਰ ਸਿੰਘ**

ਤਬਲਾ ਉਸਤਾਦ ਜਵੱਦੀ ਟਕਸਾਲ
ਲੁਧਿਆਣਾ

ਅਗੰਮੀ ਸ਼ਕਤੀ ਦੇ ਮਾਲਕ ਸਚ, ਧਰਮ ਤੇ ਮਨੁਖਤਾ ਦੇ ਪਹਿਰੇਦਾਰ ਮਹਾਂਪੁਰਖ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਜੀਵਨ ਬਾਰੇ ਕੁਝ ਲਿਖਣਾ, ਕਹਿਣਾ ਤਾਂ ਮੇਰੀ ਸੋਚ ਦੇ ਦਾਇਰੇ ਵਿਚ ਹੀ ਨਹੀਂ ਆਉਂਦਾ। ਇਸ ਮਹਾਨ ਦਰਵੇਸ਼ ਦੀਆਂ ਰਮਜ਼ਾਂ ਨੂੰ ਸਮਝਣ ਲਈ ਮੇਰੀ ਉਮਰ ਹੀ ਕਾਫੀ ਨਹੀਂ ਕਈ ਜਨਮ ਲੱਗ ਸਕਦੇ ਹਨ। ਦਾਸ ਨੇ ਬਾਬਾ ਜੀ ਦੀ ਸ਼ਰਨ ਵਿਚ ਕਰੀਬ ਪੌਣੇ 9 ਸਾਲ ਬੀਤਾਏ। ਦਾਸ ਨੂੰ ਪਹਿਲੀ ਵਾਰ ਜਦੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991 ਦੀ ਤਿਆਰੀ ਸੰਬੰਧੀ ਬਾਬਾ ਜੀ ਨੇ ਜਲੰਧਰ ਬੀਬੀ ਬਲਜੀਤ ਕੌਰ ਤਲਵਾੜੇ ਵਾਲਿਆਂ ਦੇ ਘਰ ਦਰਸ਼ਨ ਦਿੱਤੇ ਤਾਂ ਬਾਬਾ ਜੀ ਨੇ ਦਾਸ ਦੇ ਘਰ ਸਿੰਘਾਂ ਹੱਥ ਸਨੇਹਾ ਘੱਲ੍ਹ ਕੇ ਆਪਣੇ ਪਾਸ ਬੁਲਾਇਆ। ਮਹਾਨ ਤੇਜਸਵੀ ਮਹਾਂਪੁਰਖ ਬਾਬਾ ਜੀ ਦੇ ਦਰਸ਼ਨ ਕਰ ਕੇ ਮਨ ਤ੍ਰਿਪਤ ਹੋ ਗਿਆ। ਬਾਬਾ ਜੀ ਦਾ ਧਰਮ ਪ੍ਰਤੀ ਪਿਆਰ, ਆਪਣੇ ਗੁਰੂ ਪੁਰਖਿਆਂ ਦੀ ਧਰਮ ਸੰਪਤੀ (ਗੁਰਮਤਿ ਸੰਗੀਤ) ਵਿਰਸੇ ਦੀ ਸੰਭਾਲ ਦੀ ਚਿੰਤਾ ਬਾਬਾ ਜੀ ਦੇ ਚਿਹਰੇ ਤੇ ਮਹਿਸੂਸ ਕੀਤੀ। ਬਾਬਾ ਜੀ ਦੇ ਪ੍ਰਵਚਨ ਸਨ ਕਿ ਜੇ ਦੇਰੀ ਹੋ ਗਈ ਤਾਂ ਬਹੁਤ ਕੁਝ ਨਸ਼ਟ ਹੋ ਜਾਵੇਗਾ। ਇਸ ਪੰਥ ਦੇ ਸਾਰੇ ਵਿਦਵਾਨਾਂ ਨੂੰ ਇਕੱਠੇ ਕਰ ਪੁਰਖਿਆਂ ਦੇ ਇਸ ਅਨਮੋਲ ਖਜਾਨੇ ਦੀ ਖੋਜ ਕਰਕੇ ਧਰਮ ਦਾ ਸਰਮਾਇਆ ਆਉਣ ਵਾਲੀ ਪੀੜ੍ਹੀ ਨੂੰ ਨਾ ਸੌਂਪਿਆ ਤਾਂ ਇਸ ਦੀ ਤ੍ਰਿਪਤੀ ਕਿਸੇ ਹੋਰ ਸੰਸਕ੍ਰਿਤੀ ਤੋਂ ਨਵੀਂ ਪੀੜ੍ਹੀ ਨੂੰ ਕਰਨੀ ਪਵੇਗੀ ਕਿਉਂ ਨਾ ਗੁਰੂ ਪੁਰਖਿਆਂ ਦੀ ਰੱਬ ਨਾਲ ਜੋੜਨ ਵਾਲੀ ਇਸ ਮਹਾਨ ਕੀਰਤਨ ਪਰੰਪਰਾ ਤੋਂ ਜਾਣੂ ਕਰਵਾਇਆ ਜਾਵੇ। ਬਾਬਾ ਜੀ ਨੇ 1991 ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਆਰੰਭਤਾ ਕਰਕੇ ਸੁੱਤੀ ਕੌਮ ਨੂੰ ਜਗਾਇਆ ਅਤੇ ਜਵੱਦੀ ਟਕਸਾਲ ਵਿਚ ਗੁਰਸ਼ਬਦ ਸੰਗੀਤ ਅਕੈਡਮੀ ਦੀ ਸਥਾਪਨਾ ਕੀਤੀ। ਜਿਸ ਵਿਚ ਦਾਸ ਨੂੰ ਤਬਲਾ ਵਾਦਨ ਦੀ ਸਿੱਖਿਆ ਦੇਣ ਦਾ ਸੱਦਾ ਦਿੱਤਾ। ਦਾਸ 1986 ਤੋਂ ਨਾਮਧਾਰੀ ਸੰਪਰਦਾ ਦੀ ਕਿਰਪਾ ਸਦਕਾ ਉਸਤਾਦ ਅਲ੍ਹਾ ਰੱਖਾ ਖਾਨ ਸਾਹਿਬ ਜੀ ਦੇ ਚਰਨਾਂ ਵਿਚ ਨਿਰੰਤਰ 7 ਸਾਲ ਉਨ੍ਹਾਂ ਦੇ ਗ੍ਰਹਿ ਵਿਖੇ ਰਹਿ ਕੇ (ਪੰਜਾਬ ਘਰਾਣੇ) ਤਬਲੇ ਦੀ ਵਿਦਿਆ ਪ੍ਰਾਪਤ ਕਰ ਰਿਹਾ ਸੀ। ਸੰਗੀਤ ਦੇ ਗੁੱਝੇ ਭੇਦਾਂ ਨੂੰ ਸਮਝਣ ਲਈ ਕਾਫੀ ਲੰਮਾਂ ਸਮਾਂ ਮਾਤਾ ਪਿਤਾ ਤੋਂ ਕੋਹ ਦੂਰ ਬੰਬਈ ਵਿਚ ਰਹਿ ਕੇ ਬੜੀ ਨਾਜ਼ੁਕ ਉਮਰ ਵਿੱਚ ਉਸਤਾਦ ਅਲ੍ਹਾ ਰੱਖਾ ਖਾਨ ਸਾਹਿਬ ਦੇ ਪ੍ਰੇਮ ਦੀ ਬੁੱਕਲ ਵਿਚ ਸੰਗੀਤ ਨਾਲ ਇਕਮਿਕ ਹੋ ਕੇ ਉਸਤਾਦ ਗੁਰੂ ਦੇ ਪ੍ਰਮਾਰਥੀ ਜੀਵਨ ਦਾ ਆਨੰਦ ਮਾਣਦਾ ਹੋਇਆ ਜਿਸ ਨੂੰ ਨਾ ਤੇ ਧਰਮ ਦੇ ਅਰਥਾਂ ਦਾ ਕੁਝ ਪਤਾ ਸੀ ਅਤੇ ਨਾ ਈਰਖਾ ਦਵੈਸ਼ ਦਾ ਅਹਿਸਾਸ ਸੀ। ਚਾਰੇ ਪਾਸੇ ਮਜਹਬਵਾਦ ਤੇ ਜਾਤ-ਪਾਤ ਦੇ ਵਖਰੇਵਿਆਂ ਵਿਚ ਤਪਦੀ ਮਨੁੱਖਤਾ ਨੂੰ ਵੇਖ ਕੇ ਗਮਗੀਨ ਸੀ। ਪਰ ਪਵਿਤ੍ਰ ਆਤਮਾ ਉਸਤਾਦ ਅਲ੍ਹਾ ਰੱਖਾ ਖਾਨ ਸਾਹਿਬ ਜੀ ਦੀ ਧਰਮਾਂ ਮਜ਼ਬਾਂ ਤੋਂ ਪਾਰ ਦੀ ਸੋਚ ਤੇ ਮਨੁੱਖਤਾ ਪ੍ਰਤੀ ਪ੍ਰੇਮ ਰੂਪੀ ਸੰਗੀਤ ਵੰਡਣ ਦੀ ਸਿਖਿਆ ਪ੍ਰਾਪਤ ਕਰਕੇ 1992 ਵਿਚ ਪਰਤਿਆ। ਮਹਾਂਪੁਰਖਾਂ ਦੇ ਨਾਲ ਪਹਿਲੀ ਮਿਲਣੀ ਵਿਚ ਬਾਬਾ ਜੀ ਨੇ ਅਕੈਡਮੀ ਵਿਚ ਪੱਕੇ ਤੌਰ ਤੇ ਕੋਲ ਰਹਿ ਕੇ ਸੇਵਾ ਕਰਨ ਦਾ ਹੁਕਮ ਕੀਤਾ। ਦਾਸ ਨੇ ਮਹਾਪੁਰਖਾਂ ਦੀ ਰਮਜ਼ ਨੂੰ ਨਾ ਸਮਝਦੇ ਹੋਏ ਮਾਤਾ ਪਿਤਾ ਤੋਂ ਜਿਆਦਾ ਲੰਮਾਂ ਸਮਾਂ ਦੂਰ ਰਹਿਣ ਕਰਕੇ ਬਾਬਾ ਜੀ ਨੂੰ ਪੱਕੇ ਤੌਰ ਤੇ ਵਿਦਿਆਲਿਆਂ ਵਿਚ ਆਉਣ ਤੋਂ ਨਾ ਕਰ ਦਿੱਤੀ। ਪਰ ਹਫਤਾਵਾਰੀ ਕਲਾਸ ਲਈ ਜ਼ਰੂਰ ਸਹਿਮਤ ਹੋ ਗਿਆ। ਪਰ ਬਾਬਾ ਜੀ ਨਾ ਮਨੇ। ਬਾਬਾ ਜੀ ਦਾ ਬਚਨ ਸੀ ਮਾਤਾ ਪਿਤਾ ਦੀ ਸੇਵਾ ਵੀ ਭਾਗਾਂ ਨਾਲ ਮਿਲਦੀ ਹੈ ਇਹ ਕੀ ਪਤਾ ਤੇਰੀ ਸੇਵਾ ਕਿੱਥੇ ਲਿਖੀ ਹੈ ਤਾਂ ਦਾਸ ਨੇ ਬਾਬਾ ਜੀ ਤੋਂ ਪ੍ਰਸ਼ਾਦ ਲਿਆ ਤੇ ਵਾਪਸ ਚਲਿਆ ਗਿਆ। 1992 ਵਿਚ ਦਾਸ ਨੇ ਆਲ ਇੰਡੀਆ ਰੇਡੀਓ ਤੋਂ ਅਡੀਸ਼ਨ ਪਾਸ ਕੀਤੇ ਤੇ ਭਾਰਤ ਸਰਕਾਰ ਵਲੋਂ ਪਰਮਾਣਤ ਕਲਾਕਾਰ ਦਾ ਸਰਟੀਫਿਕੇਟ ਹਾਸਲ ਕੀਤਾ। 1992 ਵਿਚ ਦਾਸ ਨੂੰ ਕੁਝ ਸਮਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਬਤੌਰ ਤਬਲਾ ਵਾਦਕ ਦੀ ਸੇਵਾ ਮਿਲੀ। ਆਰਜ਼ੀ ਤੌਰ ਤੇ ਹੋਣ ਕਾਰਨ ਇਹ ਸੇਵਾ ਸਿਰੇ ਨਾ ਚੜ੍ਹੀ। ਫਿਰ ਕੁਝ ਸਮੇ ਤੋਂ ਐਚ-ਐਮ-ਵੀ ਕਾਲਜ ਵਿਚ ਜਲੰਧਰ ਵਿਚ ਸੇਵਾ ਨਿਭਾ ਰਿਹਾ ਸੀ ਤਾਂ ਫਿਰ ਬਾਬਾ ਜੀ ਦੇ ਦੁਬਾਰਾ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਜੀ ਉਦੋਂ ਫੇਰ ਜਲੰਧਰ ਆਏ ਹੋਏ ਸਨ। ਬਾਬਾ ਜੀ ਦਾ ਸੁਨੇਹਾ ਮਿਲਿਆ ਭਾਈ ਛਨਵੀਰ ਸਿੰਘ ਜੀ ਦੇ ਨਾਲ ਭਾਈ ਬਲਵਿੰਦਰ ਸਿੰਘ ਘੜੀਆਂ ਵਾਲੇ ਦੇ ਘਰ ਬਾਬਾ ਜੀ ਦੇ ਦਰਸ਼ਨ ਕੀਤੇ। ਇਹ ਗੱਲ੍ਹ

1993 ਵਾਲੇ ਸਮਾਗਮ ਦੇ ਦਿਨਾਂ ਦੀ ਹੈ। ਬਾਬਾ ਜੀ ਨੇ ਪਿਆਰ ਭਰਿਆ ਹੁਕਮ ਕੀਤਾ ਕਿ ਕੁਲਵਿੰਦਰ ਸਿੰਘ ਮੈਂ ਤੇਰੀ ਹਰ ਲੋੜ ਪੂਰੀ ਕਰਾਂਗਾ। ਤੇਰੀ ਸੇਵਾ ਪੰਥ ਲਈ ਹੈ ਤੂੰ ਕਾਲਜ ਛੱਡ ਦੇ ਤੇ ਮੇਰੇ ਕੋਲ ਆ ਜਾ। ਜਵੱਦੀ ਦੀ ਅਕੈਡਮੀ ਵਿਚ ਸੰਗੀਤ ਦੀ ਵਿਦਿਆ ਦੇ। ਬਸ ਫੇਰ ਕੀ ਸੀ ਦਾਸ ਨੇ ਮਹਾਂਪੁਰਖਾਂ ਦੇ ਬਚਨਾਂ ਤੇ ਫੁੱਲ ਚਾੜਦੇ ਹੋਏ ਜਵੱਦੀ ਵਿਦਿਆਲੇ ਵਿਚ ਘਰਾਣੇਦਾਰ ਵਿਦਿਆ ਦੀ ਕਲਾਸ ਆਰੰਭ ਕੀਤੀ ਜੋ ਨਿਰੰਤਰ ਚਲ ਰਹੀ ਹੈ।

ਜਵੱਦੀ ਆਉਣ ਤੋਂ ਕੁਝ ਦਿਨਾਂ ਬਾਅਦ ਬਾਬਾ ਜੀ ਨੇ ਅਜੀਤ ਅਖਬਾਰ ਤੇ ਪੰਜਾਬੀ ਟ੍ਰਿਬਿਊਨ ਵਿਚ ਤਬਲੇ ਦੀ ਉਚੇਰੀ ਸਿਖਿਆ ਲਈ ਇਸ਼ਤਿਹਾਰ ਦਿਵਾਏ। ਉਸ ਸਮੇ ਮੇਰੇ ਪਾਸ ਕੁਲ ਚਾਰ ਵਿਦਿਆਰਥੀ ਅਕੈਡਮੀ ਵਿਚ ਸਨ। ਬਾਬਾ ਜੀ ਦੀ ਰਹਿਮਤ ਸਦਕਾ ਹੁਣ ਤੱਕ ਕਰੀਬ 500-600 ਵਿਦਿਆਰਥੀ ਇਸ ਵਿਦਿਆਲੇ ਵਿਚੋਂ ਵਿਦਿਆ ਪ੍ਰਾਪਤ ਕਰ ਕੇ ਜਾ ਚੁੱਕੇ ਹਨ। ਕੁਝ ਵਿਦਿਆਰਥੀ ਗੁਰੂ ਘਰ ਤੋਂ ਸੇਵਾ, ਸਿਮਰਨ ਗੁਰਸਿੱਖੀ ਜੀਵਨ ਤੇ ਸੰਗੀਤ ਦੀ ਵਿਦਿਆ ਪ੍ਰਾਪਤ ਕਰ ਰਹੇ ਹਨ। ਜਵੱਦੀ ਆਉਣ ਤੋਂ ਪਹਿਲਾਂ ਦਾਸ ਸ਼ਾਸ਼ਤਰੀ ਸੰਗੀਤ ਦੇ ਮਹਾਂਰਥੀਆਂ ਦੀ ਸੰਗਤ ਵਿਚ ਰਹਿੰਦਾ ਹੋਇਆ; ਸਿੱਖ ਧਰਮ ਦੀ ਵਿਸ਼ੇਸ਼ ਜਾਣਕਾਰੀ ਨਹੀਂ ਰੱਖਦਾ ਸੀ। ਲੰਮਾਂ ਸਮਾਂ ਸਾਧੂਆਂ ਦੀ ਸੰਗਤ ਕਰਕੇ, ਮਾਤਾ ਪਿਤਾ ਵਲੋਂ ਦਿੱਤੀ ਧਾਰਮਿਕ ਸੰਸਕਾਰਾਂ ਸਦਕਾ ਦੁਨਿਆਵੀ ਚਹਿਲ-ਪਹਿਲ ਤੇ ਸਮੇ ਦੀ ਇਸ ਦੌੜ ਵਿਚ ਸ਼ਾਮਿਲ ਹੋਣ ਤੋਂ ਬੱਚ ਗਿਆ। ਜੀਵਨ ਦੇ ਮਹੱਤਵਪੂਰਨ ਪਹਿਲੂਆਂ ਦੀ ਜਾਣਕਾਰੀ ਗੁੱਝੇ ਰਹੱਸ, ਪਰਮਾਤਮਾ ਦੀ ਬੰਦਗੀ ਤੇ ਸੇਵਾ ਤੋਂ ਪ੍ਰਾਪਤ ਹੁੰਦੇ ਹਨ। ਸਾਧੂ ਰੱਬ ਦੇ ਮਾਰਗ ਦਰਸ਼ਕ ਹਨ। ਦਾਸ ਆਪਣੀ ਸੰਗੀਤਕ ਜ਼ਿੰਦਗੀ ਵਿਚ ਇੰਨ੍ਹਾਂ ਤ੍ਰਿਪਤ ਹੈ ਕਿ ਮਾਲਕ ਅੱਗੇ ਬੇਨਤੀ ਕਰਦਾ ਹਾਂ ਕਿ ਜਿੰਨੇ ਵੀ ਜਨਮ ਮਿਲਣ ਉਹ ਸੰਗੀਤ ਦੀ ਸਿਖਿੱਆ ਅਤੇ ਸੰਗੀਤ ਦੀ ਸੇਵਾ ਵਿਚ ਹੀ ਗੁਜਰ ਜਾਣ। ਦਾਸ ਗੁਰਮਤਿ ਸੰਗੀਤ ਦੀ ਸੇਵਾ ਦੇ ਨਾਲ-ਨਾਲ ਸ਼ਾਸ਼ਤਰੀ ਸੰਗੀਤ ਦੀ ਸੇਵਾ ਵੀ ਨਿਰੰਤਰ ਕਰ ਰਿਹਾ ਹੈ। ਰੇਡੀਓ ਦੀ ਆਡੀਸ਼ਨ ਪ੍ਰਾਪਤ ਕਰਨ ਤੋਂ ਬਾਅਦ ਨਿਰੰਤਰ ਸ਼ਾਸ਼ਤਰੀ ਸੰਗੀਤ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈ ਰਿਹਾ ਹੈ। ਦਾਸ ਨੇ ਗੁਰਮਤਿ ਸੰਗੀਤ ਵਿਚ ਜਿਆਦਾ ਸੇਵਾ ਕਰਨ ਦੀ ਇਸ ਲਈ ਜ਼ਰੂਰਤ ਸਮਝੀ ਕਿਉਂਕਿ ਪੰਥ ਵਿਚ ਸੰਗੀਤ ਦੀ ਬਹੁਤ ਲੋੜ ਹੈ। ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਆਪਣੇ ਜੀਵਨ ਕਾਲ ਵਿਚ ਧਰਮ ਪ੍ਰਚਾਰ ਹਿੱਤ ਦਾਸ ਨੂੰ ਤੇ ਭਾਈ ਸੁਖਵੰਤ ਸਿੰਘ ਨੂੰ ਕੈਨੇਡਾ ਟਰਾਂਟੋ ਵਿਖੇ 1999 ਤੋਂ 2000 ਤੱਕ ਗੁਰਮਤਿ ਸੰਗੀਤ ਤੇ ਪੰਜਾਬ ਘਰਾਣਾ ਤਬਲਾ ਦੇ ਅਨਮੋਲ ਖਜਾਨੇ ਨੂੰ ਪੰਥ ਵਿਚ ਪ੍ਰਚਾਰਨ ਲਈ ਭੇਜਿਆ ਤੇ ਬਾਬਾ ਜੀ ਦੀ ਕਿਰਪਾ ਨਾਲ ਇਹ ਮਿਸ਼ਨ ਸਫਲ ਹੋਇਆ। ਉਥੇ ਕਰੀਬ 250-300 ਵਿਦਿਆਰਥੀਆਂ ਨੇ ਵਿਦਿਆ ਪ੍ਰਾਪਤ ਕੀਤੀ। ਸਿਰਜਨਹਾਰ ਦੇ ਹੁਕਮ ਸਦਕਾ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਿੱਖਾਂ ਨੂੰ ਅਖੋਂ ਪਰੋਖੇ ਹੁੰਦੀ ਜਾ ਰਹੀ ਸੰਸਕ੍ਰਿਤੀ ਤੋਂ ਜਾਣੂੰ ਕਰਾਇਆ। ਅਨੇਕਾਂ ਗਰੀਬ ਵਿਦਿਆਰਥੀਆਂ ਦਾ ਆਸਰਾ ਬਣ ਕੇ ਭਿਆਨਕ ਸਮੇਂ ਦੀ ਮਾਰ ਤੋਂ ਬਚਾ ਲਿਆ। ਦਾਸ ਮਹਾਪੁਰਖਾਂ ਦੀ ਇਸ ਕਰਣੀ ਤੇ ਪੂਰਾ ਜੀਵਨ ਰਿਣੀ ਰਹੇਗਾ। ਦਾਸ ਨੂੰ ਮਹਾਂਪੁਰਖਾਂ ਨੇ ਆਪਣੇ ਗੁਪਤ ਪ੍ਰੇਮ ਦਾ ਅਹਿਸਾਸ ਆਪਣੇ ਅੰਤਿਮ ਸਮੇਂ ਵਿਚ ਕਰਵਾਇਆ। ਬਾਬਾ ਜੀ ਦੇ ਅਕਾਲ ਚਲਾਣੇ ਤੋਂ ਇਕ ਮਹੀਨਾ ਪਹਿਲਾਂ ਕਈ ਕਾਰਨਾਂ ਕਰਕੇ ਆਪਣੀ ਵਿਦਿਆਲਿਆਂ ਦੀ ਸੇਵਾ ਤੋਂ ਪੱਕੀਆਂ ਛੁਟੀਆਂ ਕਰਨ ਦਾ ਫੈਸਲਾ ਲਿਆ ਤਾਂ ਬਾਬਾ ਜੀ ਨੂੰ ਬੇਨਤੀ ਕੀਤੀ, ਬਾਬਾ ਜੀ ਦਿਲ ਦੀਆਂ ਰਮਜਾਂ ਸਮਝਦੇ ਸਨ। ਦਾਸ ਨੂੰ ਬਾਬਾ ਜੀ ਨੇ ਵਿਦਿਆਲਿਆ ਦੀ ਸੇਵਾ ਜਾਰੀ ਰੱਖਣ ਦਾ ਹੁਕਮ ਕੀਤਾ। ਦਾਸ ਮਹਾਪੁਰਖਾਂ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਦਾ ਹੋਇਆ ਉਹਨਾ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਆਪਣੀਆਂ ਤੁਛ ਸੇਵਾਵਾਂ ਜਾਰੀ ਰਖੇਗਾ। ਜਵੱਦੀ ਟਕਸਾਲ ਦੇ ਸੰਗੀਤ ਵਿਦਿਆਲਿਆ ਦੇ ਵਿਦਿਆਰਥੀ ਤਾਲ ਵਿਦਿਆ ਨੂੰ ਯੂਨੀਵਰਸਿਟੀ ਪੱਧਰ ਤੋਂ ਉੱਪਰ ਉਠ ਕੇ ਗੁਰਮਤਿ ਸੰਗੀਤ ਘਰਾਣਾ ਤੇ ਪੰਜਾਬ ਘਰਾਣਾ ਤਬਲਾ ਦੀ ਵਿਲੱਖਣ ਪਹਿਚਾਣ ਕਾਇਮ ਰੱਖਦੇ ਹੋਏ ਗੁਰਸਿੱਖ ਸੰਗੀਤਕਾਰ ਰੂਪ ਵਿਚ ਵਿਚਰ ਸਕਣਗੇ। ਬੇਸ਼ਕ ਬਾਬਾ ਜੀ ਸਰੀਰਕ ਰੂਪ ਵਿਚ ਸਾਡੇ ਨਾਲ ਨਹੀਂ ਹਨ, ਆਤਮਕ ਰੂਪ ਵਿਚ ਉਹਨਾਂ ਦੀਆਂ ਮਿਹਰਾਂ ਭਰਿਆ ਹੱਥ ਸਾਡੇ ਸਿਰ ਤੇ ਹੈ। ਬਾਬਾ ਜੀ ਨੇ ਆਪਣੇ ਦੁਆਰਾ ਆਰੰਭੇ ਕਾਰਜ ਆਪ ਹੀ ਪੂਰੇ ਕਰਨੇ ਹਨ।

# ਸੰਤ ਬਾਬਾ ਸੁੱਚਾ ਸਿੰਘ ਜੀ ਦੀ ਜਵੱਦੀ ਟਕਸਾਲ


ਕਮਲਜੀਤ ਕੌਰ

2225 ਸੈਕਟਰ 44-ਸੀ
ਚੰਡੀਗੜ੍ਹ


ਅੱਜ ਤੋਂ 5-6 ਸਾਲ ਪਹਿਲਾਂ 'ਜਵੱਦੀ ਟਕਸਾਲ' ਦਾ ਨਾਮ ਮੇਰੇ ਸੁਣਨ ਵਿਚ ਆਇਆ ਅਤੇ ਪਤਾ ਲੱਗਿਆ ਕਿ ਇਥੇ ਹਰ ਸਾਲ ਗੁਰਬਾਣੀ ਅੰਦਰ ਦਰਸਾਏ ਗਏ ਰਾਗਾਂ ਦੇ ਅਧਾਰ 'ਤੇ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ। ਉਸ ਸਮੇਂ ਭਾਵੇਂ ਮੈਨੂੰ ਰਾਗ ਵਿਦਿਆ ਦਾ ਕੋਈ ਗਿਆਨ ਨਹੀਂ ਸੀ, ਫਿਰ ਭੀ ਸੁਭਾਵਿਕ ਤੌਰ 'ਤੇ ਰਾਗਾਂ ਵਿਚ ਪੜ੍ਹੇ ਸ਼ਬਦਾਂ ਵੱਲ ਅੰਤਰੀਵੀ ਖਿੱਚ ਹੋਣ ਕਰਕੇ ਮਨ ਵਿਚ ਇਕ ਲਾਲਸਾ ਸੀ ਕਿ ਕਦੇ ਮੈਨੂੰ ਵੀ ਇਸ ਸਮਾਗਮ ਦੀਆਂ ਹਾਜ਼ਰੀਆਂ ਭਰਨ ਦਾ ਮੌਕਾ ਮਿਲੇ। ਗੁਰੂ ਸਾਹਿਬ ਦੀ ਅਥਾਹ ਬਖਸ਼ਿਸ਼ ਸਦਕਾ ਮੈ ਸੰਨ 2000-2001 ਵਿਚ 'ਡਿਪਲੋਮਾ ਇਨ ਗੁਰਮਤਿ ਸੰਗੀਤ' ਪੰਜਾਬੀ ਯੂਨੀਵਰਸਿਟੀ, ਵਿਚ ਦਾਖਲਾ ਲਿਆ। ਜਿਸ ਦੇ ਫਲਸਰੂਪ ਮੇਰਾ ਜਵੱਦੀ ਟਕਸਾਲ ਨਾਲ ਸਬੰਧ ਜੁੜਨਾ ਸ਼ੁਰੂ ਹੋ ਗਿਆ। ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਯੂਨੀਵਰਸਿਟੀ ਵਲੋਂ ਸਾਡੀ ਗੁਰਮਤਿ ਸੰਗੀਤ ਦੀ ਪਹਿਲੀ ਵਰਕਸ਼ਾਪ ਜਵੱਦੀ ਵਿਖੇ ਹੀ ਆਯੋਜਿਤ ਕੀਤੀ ਗਈ। ਇਥੇ ਆਉਣ ਨਾਲ ਗੁਰਬਾਣੀ ਵਿਚਲੇ ਰਾਗਾਂ ਦੀ ਮਹੱਤਤਾ ਬਾਰੇ ਹੋਰ ਜਾਣਕਾਰੀ ਮਿਲੀ। ਨਾਲ ਹੀ ਮਨ ਨੂੰ ਜੋ ਆਨੰਦਾਨੁਭੂਤੀ ਹੋਈ ਉਹ ਕਹਿਣ ਅਤੇ ਕਥਨ ਤੋਂ ਪਰੇ ਹੈ। ਉਨ੍ਹਾਂ ਦਿਨਾਂ ਵਿਚ ਟਕਸਾਲ ਦੇ ਮੁਖੀ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਕੈਨੇਡਾ ਗਏ ਹੋਣ ਕਰਕੇ ਦਰਸ਼ਨ ਨਾ ਹੋ ਸਕੇ। ਡਿਪਲੋਮਾ ਦੇ ਇਮਤਿਹਾਨ ਨੇੜੇ ਆ ਜਾਣ ਕਰਕੇ, ਤਿਆਰੀ ਕਰਨ ਹਿਤ ਇਕ ਵਾਰ ਫਿਰ ਟਕਸਾਲ ਆਉਣ ਦਾ ਅਵਸਰ ਮਿਲਿਆ। ਇਸ ਵਾਰ ਮੇਰੇ ਸਤਿਕਾਰਯੋਗ ਵੀਰ ਸੁਖਵੰਤ ਸਿੰਘ ਜੀ ਮੈਨੂੰ ਅਤੇ ਮੇਰੇ ਪਿਤਾ ਜੀ ਨੂੰ ਬਾਬਾ ਜੀ ਦੇ ਦਰਸ਼ਨਾਂ ਲਈ ਲੈ ਗਏ। ਬਾਬਾ ਜੀ ਦੀ ਕਿਰਪਾ, ਉਨ੍ਹਾਂ ਮੈਨੂੰ ਆਪਣੀ ਚਹੇਤੀ ਧੀ ਬਣਾ ਲਿਆ। ਇਸ ਤਰ੍ਹਾਂ ਮੇਰਾ ਅਤੇ ਮੇਰੇ ਪਰਿਵਾਰ ਦਾ ਸਬੰਧ ਪੱਕੇ ਤੌਰ ਤੇ ਟਕਸਾਲ ਨਾਲ ਜੁੜ ਗਿਆ। ਇਥੇ ਆ ਕੇ ਮਨ ਅਨੰਦਿਤ ਹੋ ਜਾਂਦਾ ਅਤੇ ਇਥੇ ਹੀ ਰਹਿ ਜਾਣ ਨੂੰ ਕਰਦਾ। ਬਾਬਾ ਜੀ ਸਮੇਂ ਸਮੇਂ ਮੈਨੂੰ ਰਾਗਾਂ ਵਿਚ ਕੀਰਤਨ ਕਰਨ ਲਈ ਪ੍ਰੇਰਦੇ। 15 ਅਗਸਤ 2002 ਦੇ ਆਸ ਪਾਸ ਜਦ ਮੈਂ ਬਾਬਾ ਜੀ ਦੇ ਦਰਸ਼ਨ ਕਰਨ ਗਈ ਤਾਂ ਉਨ੍ਹਾਂ ਮੈਨੂੰ GNDU ਵਲੋਂ ਸ਼ੁਰੂ ਕੀਤੇ Post Graduate Diploma In Gurmat Sangeet ਕਰਨ ਲਈ ਪ੍ਰੇਰਿਆ। ਮੈਂ ਸੋਚਿਆ ਵੀ ਨਹੀਂ ਸੀ ਕਿ ਇਹ ਬਾਬਾ ਜੀ ਦੇ ਆਖਰੀ ਦਰਸ਼ਨ ਹੋਣਗੇ। ਬਾਬਾ ਜੀ ਭਾਵੇਂ ਸਰੀਰਕ ਤੌਰ ਤੇ ਸਾਨੂੰ ਵਿਛੋੜਾ ਦੇ ਗਏ ਹਨ ਪਰ ਰਾਗਾਂ ਵਿਚ ਕੀਰਤਨ ਕਰਨ ਦੀ ਮੁੜ ਚਲਾਈ ਪਿਰਤ ਸਦਕਾ ਉਹਨਾਂ ਦਾ ਅਸ਼ੀਰਵਾਦ ਸਦਾ ਸਾਡੇ ਨਾਲ ਰਹੇਗਾ।

ਬਾਬਾ ਜੀ ਵਲੋਂ ਸਮੇਂ ਸਮੇਂ ਸੰਗਤਾਂ ਦੀ ਸੇਵਾ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ। ਜਿਸ ਸੰਮੇਲਨ ਨੂੰ ਕਦੇ ਸਿਰਫ ਸੁਣਨ ਦਾ ਇਕ ਸੁਪਨਾ ਸੀ, ਉਸ ਵਿਚ ਸ਼ਬਦ ਗਾਇਨ ਅਤੇ ਸਟੇਜ ਸੰਭਾਲਣ ਦਾ ਅਵਸਰ ਭੀ ਪ੍ਰਾਪਤ ਹੋਇਆ। ਭਾਵੇਂ ਮੈਂ ਇਸ ਦੇ ਯੋਗ ਨਹੀਂ ਸੀ, ਪਰ ਮਹਾਂਪੁਰਸ਼ਾਂ ਨੇ ਆਪਣੇ ਅਸ਼ੀਰਵਾਦ ਦੁਆਰਾ ਇਹ ਸੇਵਾ ਆਪ ਹੀ ਲੈ ਲਈ। ਬਾਬਾ ਜੀ ਬਹੁਤ ਹੀ ਸੂਖਸ਼ਮ ਸੋਚ, ਵਿਚਾਰ ਦੇ ਧਾਰਨੀ ਸਨ। ਹਰ ਚੀਜ਼ ਨੂੰ ਬਹੁਤ ਗਹਿਰਾਈ ਨਾਲ ਵਾਚਦੇ ਅਤੇ ਉਸ ਵਿਚ ਸੁਧਾਰ ਕਰਨ ਲਈ ਪ੍ਰੇਰਿਤ ਕਰਦੇ। ਸੋ ਮੇਰੀ ਗੁਰੂ ਸਾਹਿਬ ਅੱਗੇ ਇਹ ਹੀ ਅਰਦਾਸ ਹੈ ਕਿ ਸਾਨੂੰ ਬਾਬਾ ਜੀ ਦੁਆਰਾ ਸ਼ੁਰੂ ਕੀਤੇ ਇਸ ਮਹਾਨ ਕਾਰਜ ਨੂੰ ਜਾਰੀ ਰੱਖਣ ਦਾ ਬਲ ਬਖਸ਼ਣ। ਇਹ ਹੀ ਸਾਡੀ ਸਭਨਾਂ ਦੀ ਬਾਬਾ ਜੀ ਪ੍ਰਤੀ ਸੱਚੀ ਅਤੇ ਸੁੱਚੀ ਸ਼ਰਧਾਂਜਲੀ ਹੋਵੇਗੀ। ☬

# ਗਿਆਰਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

**ਗੁਰਜੰਤ ਸਿੰਘ ਰਾਹੀ**
ਗੁਰਮਤਿ ਸੰਗੀਤ ਵਿਦਿਆਲਾ
ਸੰਗਰੂਰ

ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦਾ ਹੁਕਮ ਗੁਰੂ ਸਾਹਿਬਾਨ ਵਲੋਂ ਬਾਣੀ ਦਾ ਗਾਇਨ ਕਰਕੇ ਅਤੇ ਅੱਗੇ ਇਕ ਮਰਿਆਦਾ ਕਾਇਮ ਕੀਤੀ ਜਿਸ ਨੂੰ ਗੁਰਮਤਿ ਸੰਗੀਤ ਪੱਧਤੀ ਦਾ ਨਾਂ ਦਿੱਤਾ। ਜਿਸ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਰਾਗਾਂ ਵਿਚ ਉਚਾਰਨ ਸ਼ਬਦਾਂ ਦਾ ਗਾਇਨ ਕਰਨਾ ਹੈ। ਜਿਸ ਨਾਲ ਸਿਖ ਨੇ ਆਤਮਕ ਆਨੰਦ ਦੀ ਪ੍ਰਾਪਤੀ ਕਰਦਿਆਂ ਸ਼ਬਦ ਸੁਰਤ ਦਾ ਮੇਲ ਕਰਕੇ ਸਚਿਆਰ ਹੁੰਦਿਆਂ ਹੋਇਆਂ ਸੰਸਾਰ ਤੋਂ ਮੁਕਤੀ ਦੇ ਦੁਆਰ ਵੱਲ ਵਧਣਾ ਹੈ। ਕੀਰਤਨ ਭਗਤੀ ਦਾ ਇਕ ਅਹਿਮ ਅੰਗ ਹੈ। ਗੁਰਮਤਿ ਵਿਚ ਇਸਦਾ ਵਿਸ਼ੇਸ਼ ਸਥਾਨ ਹੈ। ਕੁਝ ਸਮੇਂ ਤੋਂ ਕੀਰਤਨ ਵਿਚ ਸਮੇਂ ਦੀ ਧੂੜ ਦਾ ਰਲਾ ਹੋਣ ਕਰਕੇ ਮਿਆਰ ਨੀਵਾਂ ਹੋ ਗਿਆ। ਜਿਸ ਵਿਚ ਫਿਲਮੀ ਤੇ ਪੱਛਮੀ ਸੰਗੀਤ ਦੀ ਰਲਾਵਟ ਹੋਣੀ ਸ਼ੁਰੂ ਹੋ ਗਈ। ਸਚਿਆਰ ਪੁਰਖਾਂ ਨੇ ਕੀਰਤਨ ਨੂੰ ਸਾਫ ਸੁਥਰਾ ਤੇ ਮਿਆਰੀ ਰੱਖਣ ਦਾ ਉਪਰਾਲਾ ਕੀਤਾ। ਇਸ ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਗੁ. ਗੁਰਗਿਆਨ ਪ੍ਰਕਾਸ਼ ਜਵੱਦੀ ਕਲਾਂ ਵਿਖੇ ਗਿਆਰਾਂ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਤੀ ਰਾਗਾਂ ਵਿਚ ਕੀਰਤਨ ਕਰਨ ਦਾ ਗੁਰੂ ਕੇ ਕੀਰਤਨੀਆਂ ਰਾਗੀ, ਪ੍ਰੋਫੈਸਰ, ਅਧਿਆਪਕ ਅਤੇ ਹੋਰ ਕਲਾਕਾਰਾਂ ਨੂੰ ਇਕ ਮੰਚ ਤੇ ਬੁਲਾ ਕੇ ਕੀਰਤਨ ਕਰਵਾਇਆ। ਜਿਸ ਨੂੰ ਸਿੱਖ ਸੰਗਤਾਂ ਵਲੋਂ ਚੰਗਾ ਹੁੰਗਾਰਾ ਮਿਲਿਆ। ਇਹ ਸਿਲਸਲਾ ਲਗਾਤਾਰ ਜਾਰੀ ਹੈ। ਕੁਝ ਦਿਨ ਪਹਿਲਾਂ ਸੰਤ ਸੁੱਚਾ ਸਿੰਘ ਜੀ ਇਸ ਸੰਸਾਰ ਤੋਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਜਾਨਸ਼ੀਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਕਰਨੈਲ ਸਿੰਘ ਜੀ ਜੋ ਆਪ ਸੇਵਾ ਸਿਮਰਨ ਦੇ ਪੁੰਜ ਅਤੇ ਕੀਰਤਨ ਦੇ ਰਸੀਆ ਹਨ ਨੇ ਇਹ ਗਿਆਰਵਾਂ ਅਦੁੱਤੀ ਸੰਗੀਤ ਸੰਮੇਲਨ ਸੰਤ ਸੁੱਚਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਕੀਤਾ।

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਦੇ ਖੁੱਲ੍ਹੇ ਵਿਹੜੇ ਵਿਚ ਵਧੀਆ ਤੰਬੂਆਂ ਕਨਾਤਾਂ ਦੁਆਰਾ ਬਣਾਏ ਦੀਵਾਨ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 13, 14, 15 ਦਸੰਬਰ ਨੂੰ ਕਰਵਾਇਆ ਗਿਆ। ਪਹਿਲੇ ਦਿਨ ਹੋਏ ਸੰਤ ਸੰਮੇਲਨ ਵਿਚ ਜਿੱਥੇ ਪੰਥ ਦੇ ਵਿਦਵਾਨ ਪ੍ਰਿੰ. ਨਰਿੰਦਰ ਸਿੰਘ ਸੋਚ ਵਲੋਂ ਰਚਿਤ 'ਮਰਿਆਦਾ ਪ੍ਰਸ਼ੋਤਮ ਸੰਤ ਬਾਬਾ ਸੁੱਚਾ ਸਿੰਘ ਅਤੇ ਸਿਮਰਤੀ ਸੰਤ ਸੁੱਚਾ ਸਿੰਘ ਜੀ' ਪੁਸਤਕਾਂ ਰੀਲੀਜ਼ ਕੀਤੀਆਂ ਇਸ ਵਿਚ ਪੂਜਨੀਕ ਸੰਤ, ਮਹਾਤਮਾਂ ਤੋਂ ਬਿਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਗਿਆਨੀ ਗੁਰਬਚਨ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੀ ਸ਼ਾਮਲ ਹੋਏ।

ਰਾਗ ਦੇ ਸਮੇਂ ਗੁਰਬਾਣੀ ਗਾਇਨ ਦਾ ਆਰੰਭ ਹੋਇਆ। ਇਸ ਸੰਮੇਲਨ ਵਿਚ ਇਕ ਗੱਲ ਬੜੀ ਵਿਸ਼ੇਸ਼ ਵੇਖੀ ਕਿ ਜਿੱਥੇ ਇਸੇ ਸਟੇਜ ਉਪਰ ਪੰਥ ਦੇ ਧਨੰਤਰ ਨਾਮੀ ਗਿਰਾਮੀ ਬਜ਼ੁਰਗ ਰਾਗੀ ਭਾਈ ਬਲਬੀਰ ਸਿੰਘ, ਦਿਲਬਾਗ ਸਿੰਘ, ਗੁਲਬਾਗ ਸਿੰਘ ਬੋਦਲ, ਭਾਈ ਮਹਿੰਦਰ ਸਿੰਘ ਠੁਮਰੀ, ਭਾਈ ਅਮਰੀਕ ਸਿੰਘ ਜੀ ਜ਼ਖਮੀ ਨੇ ਕੀਰਤਨ ਕੀਤਾ ਉਥੇ ਹੀ ਨਵੇਂ ਉਭਰਦੇ ਕੀਰਤਨੀਆਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਰਾਗਾਂ ਦਾ ਗਾਇਨ ਕੀਤਾ ਜਿਨ੍ਹਾਂ ਵਿਚ ਪ੍ਰੋਫੈਸ਼ਨਲ ਰਾਗੀਆਂ ਤੋਂ ਬਿਨ੍ਹਾਂ ਕਾਲਜਾਂ ਅਤੇ ਟਕਸਾਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬੀਬੀਆਂ ਵੀ ਪਿੱਛੇ ਨਹੀਂ ਰਹੀਆਂ। ਬੀਬੀ ਹਰਵੀਰ ਕੌਰ, ਸਤਿੰਦਰ ਕੌਰ ਨੇ ਸ੍ਰੀ ਰਾਗ ਵਿਚ ਸ਼ਬਦ ਗਾ ਕੇ ਹਾਜ਼ਰੀ ਲੁਆਈ। ਉਥੇ ਬੀਬੀ ਨਿਵੇਦਿਤਾ ਕੌਰ ਜੀ ਨੇ ਬਿਹਾਗੜਾ ਰਾਗ ਵਿਚ ਸ਼ਬਦ ਗਾ ਕੇ ਹਾਜ਼ਰੀ ਲੁਆਈ। ਖਾਲਸਾ ਕਾਲਜ ਪਟਿਆਲਾ ਦੇ ਵਿਦਿਆਰਥੀ ਸਤਿਨਾਮ ਸਿੰਘ ਖੰਨਾ ਅਤੇ ਮਨਜੀਤ ਸਿੰਘ ਨੇ ਰਾਗ ਤੁਖਾਰੀ ਗਾਇਆ, ਤਬਲੇ ਤੇ ਸੰਗਤ ਕੁਲਦੀਪ ਸਿੰਘ ਨੇ ਕੀਤੀ। ਜਵੱਦੀ ਟਕਸਾਲ ਦੇ ਵਿਦਿਆਰਥੀਆਂ ਨੇ ਰਾਗ ਸਾਰੰਗ, ਤਿਲੰਗ ਅਤੇ ਭੈਰਓ ਵਿਚ ਪੜਤਾਲ ਗਾ ਕੇ ਹਾਜ਼ਰੀ ਲੁਆਈ। ਗੁਰ ਸ਼ਬਦ ਸੰਗੀਤ ਅਕੈਡਮੀ ਵਿਚ ਤਬਲੇ ਦੀ ਸਿੱਖਿਆ ਦੇ ਰਹੇ ਪ੍ਰੋ. ਕੁਲਵਿੰਦਰ ਸਿੰਘ ਜੋ ਕਿ ਉਸਤਾਦ ਅੱਲਾ ਰੱਖਾ ਸਾਹਿਬ ਦੇ ਸ਼ਗਿਰਦ ਹਨ। ਉਨ੍ਹਾਂ ਦੇ ਸਿਖਾਏ ਸੀਨੀਅਰ 7 ਵਿਦਿਆਰਥੀਆਂ ਨੇ ਇਕੱਠੇ ਤਬਲਾ ਸੋਲੋ ਵਜਾਇਆ। ਉਹ ਨਜ਼ਾਰਾ ਵੇਖਿਆ ਹੀ ਬਣਦਾ ਸੀ ਇਕੋ ਲੈ ਵਿਚ ਇਕੋ ਸਬਕ ਵਿਦਿਆਰਥੀ ਵਜਾ ਰਹੇ ਸਨ ਇਹ ਸਾਰਾ ਕੁਲਵਿੰਦਰ ਸਿੰਘ ਦੀ ਮਿਹਨਤ ਅਤੇ ਲਗਨ ਸਦਕੇ ਹੀ ਹੈ। ਇਸੇ ਦੌਰਾਨ ਸੰਤ ਕਰਨੈਲ ਸਿੰਘ ਜੀ ਵਲੋਂ ਡਾ. ਜਾਗੀਰ ਸਿੰਘ ਚੰਡੀਗੜ੍ਹ ਨੂੰ 'ਅੰਮ੍ਰਿਤ ਕੀਰਤਨ' ਰਾਹੀਂ

ਗੁਰਮਤਿ ਸੰਗੀਤ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ। ਸਿਹਤ ਠੀਕ ਨਾ ਹੋਣ ਕਰਕੇ ਡਾ. ਸਾਹਿਬ ਖੁਦ ਨਹੀਂ ਆ ਸਕੇ ਇਹ ਸਨਮਾਨ ਚਿੰਨ੍ਹ ਸ੍ਰ. ਹਰਿਭਜਨ ਸਿੰਘ ਜੀ ਨੇ ਪ੍ਰਾਪਤ ਕੀਤਾ।

ਭਾਈ ਰਾਜ ਬਰਿੰਦਰ ਸਿੰਘ ਨੇ ਰਾਗ ਦੇਵ ਗੰਧਾਰ, ਕਲਿਆਣ, ਭੁਪਾਲੀ ਗਾ ਕੇ ਆਪਣੀ ਹਾਜ਼ਰੀ ਲਵਾਈ। ਪ੍ਰੋ. ਦਰਸ਼ਨ ਸਿੰਘ ਮੋਹਾਲੀ ਨੇ ਦੇਵ ਗੰਧਾਰੀ ਵਿਚ ਪ੍ਰੀਤ ਪ੍ਰੀਤ ਗੁਰੀਆ ਗਾਇਆ ਪ੍ਰੋ. ਪਰਮਜੋਤ ਸਿੰਘ ਨੇ ਵਡਹੰਸ ਵਿਚ ਮੇਮਨ ਵਡੀ ਆਸ ਰਹੇ। ਭਾਈ ਸ਼ਮਿੰਦਰ ਸਿੰਘ ਨੇ ਸਾਰੰਗੀ ਨਾਲ ਵਜਾ ਕੇ ਰਾਗ ਗੁਜਰੀ ਵਿਚ 'ਹਰਿਬਿਨ ਬੈਲ ਬਿਰਲੇ ਹੁਈ ਹੈ' ਤੰਤੀ ਸਾਜ਼ਾਂ ਨਾਲ ਬਿਨ ਹਰਮੋਨੀਅਮ ਤੋਂ ਜਥਾ ਭਾਈ ਨਿਰਮਲ ਸਿੰਘ ਨਾਗਪੁਰੀ ਨੇ ਆਸਾਵਰੀ ਵਿਚ ਪੜਤਾਲ ਗਾਈ। ਨੌਜਵਾਨ ਕੀਰਤਨੀਏ ਭਾਈ ਪਰਮਜੀਤ ਸਿੰਘ ਅੰਮ੍ਰਿਤਸਰ ਨੇ ਵੀ ਸੁਰੀਲੀ ਆਵਾਜ਼ ਵਿਚ ਰਾਗ ਸਾਰੰਗ ਵਿਚ ਤੰਤੀ ਸਾਜ਼ਾਂ ਨਾਲ ਗਾਇਨ ਕੀਤਾ। ਪ੍ਰੋ. ਅਵਤਾਰ ਸਿੰਘ ਬੋਦਲ ਨੇ ਰਾਗ ਸਾਰੰਗ 'ਠਾਕੁਰ ਬੇਨਤੀ ਕਰਨ ਜਨ ਆਇਓ' ਸਾਢੇ ਦਸ ਮਾਤਰਾਂ ਵਿਚ ਗਾਇਆ। ਭਾਈ ਅਮਰਦੀਪ ਸਿੰਘ ਨੇ ਤਾਨਾਂ ਅਲਾਪ ਰਾਹੀਂ ਪੰਡਾਲ ਗੂੰਜਣ ਲਾ ਦਿੱਤਾ।

ਪੰਦਰਾਂ ਕੁ ਸਾਲ ਦੇ ਸੋਨੂੰ ਦੀ ਤਬਲੇ ਤੇ ਕੀਤੀ ਸੰਗਤ ਹੈਰਾਨ ਕਰਨ ਵਾਲੀ ਸੀ ਕਿ ਇਸੇ ਉਮਰ ਵਿਚ ਐਨੀ ਵਧੀਆ ਸੰਗਤ ਕਰ ਰਿਹਾ ਹੈ। ਭਾਈ ਕੁਲਜੀਤ ਸਿੰਘ ਦੀ ਰਬਾਬ, ਨਿਰਪਤ ਰਾਏ ਦੀ ਵਾਇਲਨ ਅਤੇ ਸ਼ਮਿੰਦਰ ਸਿੰਘ ਦੀ ਸਾਰੰਗੀ ਤੇ ਕੀਤੀ ਸੰਗਤ ਹੋਰ ਵੀ ਚਾਰ ਚੰਨ ਲਾਉਂਦੀ ਸੀ। ਬੋਦਲਾਂ ਵਾਲਿਆਂ ਭਾਈ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ ਨੇ ਰਾਗ ਤੁਖਾਰੀ ਗਾ ਕੇ ਆਪਣੀ ਹਾਜ਼ਰੀ ਲਵਾਈ। ਤਬਲੇ ਤੇ ਸੰਗਤ ਭਾਈ ਇਕਬਾਲ ਸਿੰਘ ਨੇ ਕੀਤੀ। ਢਾਡੀ ਦਰਬਾਰ ਵਿਚ ਨਾਮਵਰ ਢਾਡੀ ਜਥਿਆਂ ਨੇ ਭਾਈ ਦਇਆ ਸਿੰਘ ਦਿਲਬਰ ਅਤੇ ਤਰਲੋਚਨ ਸਿੰਘ ਜੀ ਨੇ ਆਪਣੀ ਹਾਜ਼ਰੀ ਲਵਾਈ। ਸੰਤਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕੀਤੇ। ਸੰਮੇਲਨ ਦਾ ਆਖਰੀ ਦਿਨ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਅਨੁਸਾਰ ਕੀਰਤਨ ਹੋਇਆ। ਜਿਸ ਵਿਚ ਤ੍ਰਿਪਹਿਰੇ ਦੀ ਚੌਕੀ ਪ੍ਰੋ. ਰਵੇਲ ਸਿਘ ਜੀ ਨੇ ਸੁਰੀਲੇਪਨ ਨਾਲ ਭੈਰਓ ਅਤੇ ਮਲਾਰ ਦਾ ਗਾਇਨ ਕੀਤਾ ਅਤੇ ਉਨ੍ਹਾਂ ਰਾਗ ਸੋਰਠ ਗਾ ਕੇ ਆਪਣੀ ਹਾਜ਼ਰੀ ਲੁਆਈ। ਆਸਾ ਦੀ ਵਾਰ ਦਾ ਕੀਰਤਨ ਭਾਈ ਨਿਰਮਲ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਨੇ ਕੀਤਾ। ਬਿਲਾਵਲ ਦੀ ਚੌਕੀ ਭਾਈ ਸ਼ਮਿੰਦਰ ਸਿੰਘ, ਕੁਲਜੀਤ ਸਿੰਘ ਬਟਾਲਾ, ਭਾਈ ਰਣਧੀਰ ਸਿੰਘ, ਭਾਈ ਅਮਰੀਕ ਸਿੰਘ ਜ਼ਖਮੀ, ਚਰਨ ਕੰਵਲ ਦੀ ਚੌਕੀ ਵਿਚ ਨਿਰੰਜਨ ਸਿੰਘ ਜਵੱਦੀ, ਦਿਲਬਾਗ ਸਿੰਘ ਗੁਲਬਾਗ ਸਿੰਘ, ਇਕਬਾਲ ਸਿੰਘ, ਅਵਤਾਰ ਸਿੰਘ, ਭਾਈ ਨਰਿੰਦਰ ਸਿੰਘ ਬਨਾਰਸ, ਪ੍ਰਿੰ. ਬਲਦੇਵ ਸਿੰਘ ਦਿੱਲੀ, ਗੁਰਮੀਤ ਸਿੰਘ ਸਾਂਤ ਭਾਈ ਬਲਬੀਰ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੀ ਹਾਜ਼ਰੀ ਲੁਆਈ।

ਸਾਰੇ ਸਮਾਗਮ ਦਾ ਪ੍ਰਬੰਧ ਬਹੁਤ ਵਧੀਆ ਅਤੇ ਧਾਰਮਿਕ ਸੀ। ਸੰਤ ਬਾਬਾ ਕਰਨੈਲ ਸਿੰਘ ਜੀ ਆਪ ਖੁਦ ਸੰਗਤਾਂ ਦੀ ਸੇਵਾ ਕਰਦੇ ਵੇਖੇ ਗਏ। ਗੁਰੂ ਕਾ ਲੰਗਰ ਨਿਰੰਤਰ ਅਤੁੱਟ ਵਰਤਦਾ ਰਿਹਾ। ਚਾਹ ਪਾਣੀ, ਰਿਹਾਇਸ਼, ਬਿਸਤਰੇ ਆਦਿ ਦਾ ਵਧੀਆ ਪ੍ਰਬੰਧ ਸੀ। ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ। ਸਾਰੇ ਪ੍ਰੋਗਰਾਮ ਦੀ ਵੀਡੀਓ ਰੀਕਾਰਡਿੰਗ ਕੀਤੀ ਗਈ। ਸਾਰਾ ਕੁਝ ਮਿਲਾ ਕੇ ਪ੍ਰੋਗਰਾਮ ਸਫਲ ਰਿਹਾ। ਸਾਰੇ ਪ੍ਰਬੰਧਕ ਸੇਵਾਦਾਰ, ਵਿਸ਼ੇਸ਼ ਕਰ ਬਾਬਾ ਕਰਨੈਲ ਸਿੰਘ ਜੀ ਵਧਾਈ ਦੇ ਪਾਤਰ ਹਨ ਅਤੇ ਆਸ ਰੱਖਦੇ ਹਾਂ ਕਿ ਇਹ ਸਮਾਗਮ ਇਨ੍ਹਾਂ ਤਰੀਕਾਂ ਵਿਚ ਗੁਰੂ ਕ੍ਰਿਪਾ ਦੁਆਰਾ ਨਿਰੰਤਰ ਚਲਦਾ ਰਹੇ। ਸੰਗਤਾਂ ਗੁਰ ਸ਼ਬਦ ਨਾਲ ਜੁੜਕੇ ਆਪਣਾ ਜੀਵਨ ਸਫਲ ਕਰਦੀਆਂ ਰਹਿਣ।